Digitized by Arya Samaj Foundation Chennai and eGangotri

२८५
१

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

गुरुकुल कांगड़ी विश्वविद्यालय, हरिद्वार
पुस्तकालय

विषय संख्या ७२५
पुस्तक संख्या १
आगत पञ्जिका संख्या २५,८४५

पुस्तक पर सर्व प्रकार की निशानियां लगाना वर्जित है। कृपया १५ दिन से अधिक समय तक पुस्तक अपने पास न रखें।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਰਤਨ ਮਾਲਾ

ਮਹਿਕਮਾ ਪੰਜਾਬੀ

ਪਟਿਆਲਾ ਤੇ ਪੂਰਬੀ ਪੰਜਾਬ ਰਿਆਸਤੀ ਯੂਨੀਅਨ

੧੯੪੯

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ओ३म्
पुस्तक संख्या ६१५/१
पञ्जिका संख्या २६५४५

पुस्तक पर सर्व प्रकार की निशानियां लगाना वर्जित है। कोई सज्जन पन्द्रह दिन से अधिक देर तक पुस्तक अपने पास नहीं रख सकते। अधिक देर तक रखने के लिये पुनः आज्ञा प्राप्त करनी चाहिये।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

619/1
२८८४५
गुरुकुल कांगड़ी पुस्तकालय

ਅਸੀਂ ਇਹ ਪੰਜਾਬੀ ਕਵਿਤਾ ਦਾ ਸੰਗ੍ਰਹਿ ਪੰਜਾਬੀ ਪਿਆਰਿਆਂ ਦੇ ਪੜ੍ਹਣ ਲਈ ਪੇਸ਼ ਕਰ ਰਹੇ ਹਾਂ। ਇਸ ਲਈ ਅਸੀਂ ਪੰਜਾਬੀ ਦੇ, ਮੁਖੀ ਕਵੀਆਂ ਦੀ ਰਚਨਾ ਪ੍ਰਾਪਤ ਕਰ ਸਕੇ ਹਾਂ। ਅਸੀਂ ਨਹੀਂ ਕਹਿੰਦੇ ਕਿ ਇਹ ਕਵਿਤਾਵਾਂ ਇਨ੍ਹਾਂ ਕਵੀਆਂ ਦੀ ਚੋਟੀ ਦੀ ਕ੍ਰਿਤ ਹਨ, ਪਰ ਇਹ ਸਜਰੀਆਂ ਹਨ ਅਤੇ ਇਨ੍ਹਾਂ ਵਿਚੋਂ ਉਨ੍ਹਾਂ ਦੀ ਵਡਿਆਈ ਝਲਕ ਮਾਰਦੀ ਹੈ। ਸਾਡਾ ਦਾਹਵਾ ਹੈ ਕਿ ਇਹ ਕਵੀ ਪੰਜਾਬੀ ਸਭਿਆਚਾਰ ਦਾ ਉੱਚੇ ਤੋਂ ਉਚੱਾ ਨਮੂਨਾ ਹਨ। ਜੇਕਰ ਫਿਰਕੂ ਪੱਖ-ਪਾਤ ਤੋਂ ਉਚੇਰੇ ਹੋ ਕੇ ਸੋਚੀਏ ਤਾਂ ਇਹੋ ਪੰਜਾਬ ਦੀ ਅਵਾਜ਼ ਹਨ। ਪੰਜਾਬ ਇਨ੍ਹਾਂ ਦੇ ਦਿਲਾਂ ਵਿਚ ਧੜਕਦਾ ਹੈ ਅਤੇ ਇਨ੍ਹਾਂ ਦੇ ਮੂੰਹੋਂ ਹੀ ਆਪਣੇ ਦਿਲੀ ਤੇ ਅੰਤ੍ਰੀਵ ਭਾਵ ਪਰਗਟ ਕਰਦਾ ਹੈ। ਇਹੋ ਸਾਡੀਆਂ ਰੁਚੀਆਂ ਨੂੰ ਇੱਕ ਕਰਕੇ ਜੋੜਦੇ ਹਨ ਤੇ ਕੌਮੀਅਤ ਦੇ ਉੱਚੇ ਤੋਂ ਉੱਚੇ ਸਿਖਰ ਤੇ ਪੁਚਾ ਸਕਦੇ ਹਨ।

ਤੇਜਾ ਸਿੰਘ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri



ਭਾਈ ਸਾਹਿਬ
ਭਾਈ ਵੀਰ ਸਿੰਘ ਜੀ

ਪੰਜਾਬੀ ਕਵਿਤਾ ਦੇ ਮੁਕਟ-ਮਣੀ ਸ੍ਰੀ ਮਾਨ ਭਾਈ ਸਾਹਿਬ ਭਾਈ ਵੀਰ ਸਿੰਘ ਜੀ ਅਠਾਰਵੀਂ ਸਦੀ ਦੀ ਪ੍ਰਸਿੱਧ ਇਤਹਾਸਕ ਵਿਅਕਤੀ ਦੀਵਾਨ ਕੌੜਾ ਮਲ ਦੀ ਸੰਤਾਨ ਹਨ, ਜੋ ਮੁਲਤਾਨ ਦੇ ਹਾਕਮ ਸਨ। ਇਨ੍ਹਾਂ ਦੇ ਨਾਨਾ ਪ੍ਰਸਿੱਧ ਗਿਆਨੀ ਹਜ਼ਾਰਾ ਸਿੰਘ ਜੀ ਸਨ ਅਤੇ ਪਿਤਾ ਡਾਕਟਰ ਚਰਨ ਸਿੰਘ ਜੀ ਸਨ ਜਿਨ੍ਹਾਂ ਨੇ ਵਰਤਮਾਨ ਸਮੇਂ ਦੀ ਪੰਜਾਬੀ ਕਵਿਤਾ ਤੇ ਵਾਰਤਾ ਦੀ ਨੀਂਹ ਰਖੀ। ਇਨ੍ਹਾਂ ਦਾ ਜਨਮ ਅੰਮ੍ਰਿਤਸਰ ਵਿਚ ੫ ਦਸੰਬਰ ੧੮੭੨ ਈਸਵੀ ਵਿਚ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਹੋਇਆ। ਭਾਵੇਂ ਇਨ੍ਹਾਂ ਦੀ ਬਾਕਾਇਦਾ ਪੜ੍ਹਾਈ ਕੇਵਲ ਦਸਵੀਂ ਜਮਾਤ ਤਕ ਹੀ ਹੋਈ, ਪਰ ਹੋਰ ਕਈ ਪ੍ਰਸਿੱਧ ਸਾਹਿਤਕਾਰਾਂ ਵਾਕਰ ਇਨ੍ਹਾਂ ਨੇ ਅਪਣੀ ਸਾਰੀ ਵਿੱਦਿਆ ਆਪਣੇ ਆਪ ਪ੍ਰਾਪਤ ਕੀਤੀ। ਹੁਣੇ ਹੁਣੇ ਇਨ੍ਹਾਂ ਦੀ ਸਾਹਿਤਕ ਉਚੱਤਾ ਦੀ ਕਦਰ ਕਰਦੇ ਹੋਇਆਂ ਪੂਰਬੀ ਪੰਜਾਬ ਯੂਨੀਵਰਸਿਟੀ ਨੇ ਇਨ੍ਹਾਂ ਨੂੰ Doctor of Oriental Learning ਦੀ ਉੱਚ ਡਿਗਰੀ ਭੇਟਾ ਕੀਤੀ ਹੈ। ਇਨ੍ਹਾਂ ਨੇ ੧੮੯੪ ਈਸਵੀ ਵਿਚ ਖਾਲਸਾ ਟ੍ਰੈਕਟ ਸੋਸਾਇਟੀ ਦੀ ਨੀਂਹ ਰਖੀ, ਜਿਸ ਨੇ ਹੁਣ ਤਕ ਲਗਾਤਾਰ ਡੇਢ ਹਜ਼ਾਰ ਦੇ ਕਰੀਬ ਟ੍ਰੈਕਟ ਅਤੇ ਦਰਜਨਾਂ ਪੁਸਤਕਾਂ ਪ੍ਰਕਾਸ਼ਤ ਕੀਤੀਆਂ ਹਨ। ਇਨ੍ਹਾਂ ਦਾ ਚਲਾਇਆ ਹੋਇਆ ਹਫ਼ਤਾਵਾਰ ਅਖ਼ਬਾਰ 'ਖ਼ਾਲਸਾ ਸਮਾਚਾਰ' ਹੁਣ ਤਕ ਸੇਵਾ ਕਰ ਰਿਹਾ ਹੈ। ਆਪਣੇ ਛਾਪੇਖ਼ਾਨੇ ਵਜ਼ੀਰ ਹਿੰਦ ਪ੍ਰੈਸ ਦੇ ਰਾਹੀਂ ਇਨ੍ਹਾਂ ਨੇ ਪੰਜਾਬੀ ਦੀ ਚੋਖੀ ਸੇਵਾ ਕੀਤੀ ਹੈ।

ਇਨ੍ਹਾਂ ਦੀ ਰਚੀ ਹੋਈ ਸਾਹਿੱਤ ਕਈ ਵੰਨਗੀਆਂ ਦੀ ਹੈ, ਜਿਸ ਦੀਆਂ ਖ਼ਾਸ ਖ਼ਾਸ ਸ਼੍ਰੇਣੀਆਂ ਇਹ ਹਨ:—ਧਾਰਮਕ ਤੇ ਸਮਾਜਕ ਸੁਧਾਰ, ਇਤਿਹਾਸਕ ਪੜਚੋਲ, ਨਾਵਲ, ਕਹਾਣੀਆਂ, ਨਾਟਕ ਅਤੇ ਕਵਿਤਾ। ਇਨ੍ਹਾਂ ਨੇ ਇਤਿਹਾਸ ਨੂੰ ਆਪਣੀ ਨਿਰੂਪਨ ਸ਼ਕਤੀ ਨਾਲ ਇਉਂ ਚਮਕਾਇਆ ਹੈ ਕਿ ਇਹੋ ਜਿਹੇ ਸੁੱਕੇ ਮਜ਼ਮੂਨ ਨੂੰ ਹਰਮਨ ਪਿਆਰਾ ਬਣਾ ਕੇ ਆਮ ਲੋਕਾਂ ਦੀ ਵਰਤੋਂ ਜੋਗਾ ਕਰ ਦਿਤਾ ਹੈ।

ਸਭ ਤੋਂ ਵਧ ਕੇ ਕਮਾਲ ਇਨ੍ਹਾਂ ਨੇ ਆਪਣੀ ਕਵਿਤਾ ਵਿਚ ਵਿਖਾਇਆ ਹੈ। ਇਨ੍ਹਾਂ ਤੋਂ ਪਹਿਲਾਂ ਪੰਜਾਬੀ ਕਵਿਤਾ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਬਜ਼ਾਰੀ ਕਿੱਸਿਆਂ ਦੀ ਸ਼ਕਲ ਵਿਚ ਪ੍ਰਚੱਲਤ ਸੀ। ਇਹ ਭਾਈ ਵੀਰ ਸਿੰਘ ਜੀ ਦੀ ਹੀ ਕਲਾਕਾਰੀ ਹੈ ਕਿ ਮਿਟੀ ਵਿਚ ਰੁਲਦੀ ਪੰਜਾਬੀ ਨੂੰ ਰਾਣੀ ਬਣਾ ਕੇ ਤਖ਼ਤ ਤੇ ਬਿਠਾ ਦਿੱਤਾ। ਪਿੰਡ ਦੇ ਅਨਪੜ੍ਹ ਲੋਕਾਂ ਦੇ ਦਾਰਿਆਂ ਦੇ ਥਾਂ ਹੁਣ ਇਸ ਦੀ ਜਗ੍ਹਾ ਪੰਜਾਬੀ ਦਰਬਾਰਾਂ ਵਿਚ ਬਹਿਣ ਜੋਗੀ ਹੋ ਗਈ ਹੈ। ਉਨ੍ਹਾਂ ਦੀ ਚੰਗੀ ਤੋਂ ਚੰਗੀ ਕਵਿਤਾ ਵਿਚ ਹੇਠ ਲਿਖੇ ਨਮੂਨੇ ਮਿਲਦੇ ਹਨ :—

"ਸੀਨੇ ਖਿੱਚ ਜਿਨ੍ਹਾਂ ਨੇ ਖਾਧੀ ਉਹ ਕਰ ਅਰਾਮ ਨਹੀਂ ਬਹਿੰਦੇ।
ਨਿਹੁੰ ਵਾਲੇ ਨੈਣਾਂ ਕੀ ਨੀਂਦਰ ਉਹ ਦਿਨੇ ਰਾਤ ਪਏ ਵਹਿੰਦੇ।
ਇਕੋ ਲਗਨ ਲਗੀ ਪਈ ਜਾਂਦੀ ਹੈ ਟੋਰ ਅਨੰਤ ਉਨ੍ਹਾਂ ਦੀ;
ਵਸਲੋਂ ਉਰੇ ਮੁਕਾਮ ਨ ਕੋਈ ਸੋ ਚਾਲ ਪਏ ਨਿਤ ਰਹਿੰਦੇ"

ooo ooo ooo ooo

"ਪਥਰ ਨਾਲ ਨੇਹੁੰ ਲਾ ਬੈਠੀ—
ਨਾ ਹੱਸੇ ਨਾ ਬੋਲੇ,
ਸੁਹਣਾ ਲੱਗੇ ਮਨ ਨੂੰ ਮੋਹੇ
ਘੁੰਡੀ ਦਿਲੋਂ ਨਾ ਖੁਹਲੇ,
ਛੱਡਿਆਂ ਛੱਡਿਆ ਜਾਂਦਾ ਨਾਹੀਂ;
ਮਿਲਿਆਂ ਨਿਘ ਨਾ ਕੋਈ:
ਹੱਛਾ ਜਿਵੇਂ ਰਜ਼ਾ ਹੈ ਤੇਰੀ,
ਅੱਖੀਅਹੁੰ ਹੋਹੁ ਨਾ ਉਹਲੇ।"

ਸਾਡੀ ਬੇਨਤੀ ਮੰਨ ਕੇ ਇਸ ਪੰਜਾਬੀ ਦਰਬਾਰ ਲਈ ਇਨ੍ਹਾਂ ਨੇ ਹੇਠ ਲਿਖੀ ਕਵਿਤਾ ਲਿਖ ਭੇਜੀ ਹੈ :

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਅਚਣ-ਚੇਤੀ ਦਾ ਝਲਕਾ

ਤਿਲਕ ਗਈ ਮੇਰੇ ਹੱਥ ਦੀ ਪੂਣੀ,
ਚੁਪ ਹੋ ਗਈ ਘੁਕੇਂਦੜੀ ਚਰਖੀ।

ਅਰਸ਼ਾਂ ਦਾ ਚੰਦ ਜ਼ਿਮੀਂ ਆ ਖਲੋਤਾ,
ਸੂਰਤ ਗਈ ਮੈਥੋਂ ਨਿਰਖੀ ਨ ਪਰਖੀ।

ਕੰਬ ਗਈ ਮੇਰੇ ਨੈਣਾਂ ਦੀ ਜੋਤੀ,
ਜਿੰਦ ਗਈ ਵਿਚ ਜਿੰਦ ਦੇ ਕਰਖੀ।

ਦਰਸ ਸਮਾਵਾਂ ਕਿ ਦਰਸ਼ਨ ਮਾਣਾਂ?
ਲਹਿਰ ਚੜ੍ਹੇ ਇਕ ਲਹਿਰ ਤੇ ਹਰਖੀ॥

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਲਾਲਾ ਧਨੀ ਰਾਮ ਚਾਤ੍ਰਿਕ

ਭਾਈ ਵੀਰ ਸਿੰਘ ਜੀ ਤੋਂ ਬਾਅਦ ਜੇਕਰ ਪੰਜਾਬੀ ਕਵਿਤਾ ਵਿਚ ਕਿਸੇ ਨੇ ਨਾਮ ਪਾਇਆ ਹੈ ਤਾਂ ਉਹ ਲਾਲਾ ਧਨੀ ਰਾਮ ਜੀ ਚਾਤ੍ਰਿਕ ਹਨ। ਇਨ੍ਹਾਂ ਨੇ ਭਾਈ ਵੀਰ ਸਿੰਘ ਜੀ ਦੇ ਅਸਰ ਹੇਠਾਂ ਕਵਿਤਾ ਲਿਖਣੀ ਸ਼ੁਰੂ ਕੀਤੀ। ਉਨ੍ਹਾਂ ਦੇ ਹੀ ਪ੍ਰੈਸ ਵਿਚ ਕੰਮ ਕਰਨ ਕਰਕੇ ਸੋਹਣੀ ਗੁਰਮੁਖੀ ਛਪਾਈ ਦਾ ਪਿਆਰ ਅਤੇ ਸੁਥਰੀ ਤੇ ਨਿਖਰੀ ਹੋਈ ਪੰਜਾਬੀ ਲਿਖਣ ਦਾ ਚਾਅ ਪ੍ਰਾਪਤ ਕੀਤਾ। ਭਾਈ ਵੀਰ ਸਿੰਘ ਜੀ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਤਾਂ ਆਤਮਕ ਰੰਗ ਦੀ ਕਵਿਤਾ ਲਿਖਦੇ ਸਨ। ਇਨ੍ਹਾਂ ਨੇ ਸਮਾਜਕ ਸੁਧਾਰ ਤੇ ਦੇਸ਼ ਪਿਆਰ ਦੇ ਰੰਗਣ ਵਾਲੀ ਕਵਿਤਾ ਲਿੱਖੀ ਹੈ। ਇਨ੍ਹਾਂ ਦੀਆਂ 'ਚੰਦਨ ਵਾੜੀ', 'ਕੇਸਰ ਕਿਆਰੀ' ਅਤੇ 'ਨਵਾਂ ਜਹਾਨ' ਨਾਵਾਂ ਦੀਆਂ ਪੁਸਤਕਾਂ ਪੰਜਾਬੀ ਸੰਸਾਰ ਵਿਚ ਮਸ਼ਹੂਰ ਹਨ। ਇਨ੍ਹਾਂ ਦੀ ਬੋਲੀ ਬਹੁਤ ਠੇਠ ਤੇ ਮੁਹਾਵਰਾ ਟਕਸਾਲੀ ਹੁੰਦਾ ਹੈ। ਇਨ੍ਹਾਂ ਤੋਂ ਵਧ ਸ਼ੁਧ ਪੰਜਾਬੀ ਹੋਰ ਕੋਈ ਨਹੀਂ ਲਿਖਦਾ। ਇਨ੍ਹਾਂ ਦੀ ਦੇਸ਼ ਪਿਆਰ ਵਾਲੀ ਕਵਿਤਾ ਵਿਚ ਪੇਂਡੂ ਨਜ਼ਾਰੇ ਤੇ ਲੋਕਾਂ ਦੀ ਰਹਿਣੀ ਬਹਿਣੀ ਡਾਢੀ ਹਮਦਰਦੀ ਤੇ ਦਿਲ-ਖਿਚਵੀਂ ਤਰਜ਼ ਨਾਲ ਉਲੀਕੇ ਹੁੰਦੇ ਹਨ। ਲਓ ਖਾਂ ਹੇਠ ਲਿਖੇ ਟੋਟਕੇ; ਮੇਲੇ ਵਿਚ ਜੱਟ ਦੀ ਕੇਹੀ ਸੋਹਣੀ ਤਸਵੀਰ ਖਿੱਚੀ ਹੈ।

"ਤੂੜੀ ਤੰਦ ਸਾਂਭ, ਹਾੜੀ ਵੇਚ ਵੱਟ ਕੇ,
ਲੰਬੜਾਂ ਤੇ ਸ਼ਾਹਾਂ ਦਾ ਹਿਸਾਬ ਕੱਟ ਕੇ,
ਮੀਂਹਾਂ ਦੀ ਉਡੀਕ ਤੇ ਸਿਆੜ ਕੱਢ ਕੇ,
ਮਾਲ ਢਾਂਡਾ ਸਾਂਭਣੇ ਨੂੰ ਚੂਹੜਾ ਛੱਡ ਕੇ,
ਪੱਗ, ਝੱਗਾ ਚਾਦਰ ਨਵੇਂ ਸਿਵਾਇ ਕੇ,
ਸੱਮਾਂ ਵਾਲੀ ਡਾਂਗ ਉਤੇ ਤੇਲ ਲਾਇ ਕੇ,
ਕੱਛੇ ਮਾਰ ਵੰਝਲੀ ਅਨੰਦ ਛਾ ਗਿਆ,
ਮਾਰਦਾ ਦਮਾਮੇ ਜੱਟ ਮੇਲੇ ਆ ਗਿਆ।"

ਬਹੁਤ ਡੂੰਘੇ ਵਿਚਾਰਾਂ ਵਾਲੇ ਕਵੀ ਆਮ ਤੌਰ ਤੇ ਗੀਤ ਨਹੀਂ ਲਿਖਿਆਂ ਕਰਦੇ, ਪਰ ਚਾਤ੍ਰਿਕ ਜੀ ਗੀਤ ਵੀ ਲਿਖਦੇ ਹਨ, ਜੋ ਸਚੀ ਮੁਚੀ ਗਾਏ ਜਾ ਸਕਦੇ ਹਨ। ਇਨ੍ਹਾਂ ਦੀ ਹੇਠ ਲਿਖੀ ਗ਼ਜ਼ਲ ਬਹੁਤ ਮਸ਼ਹੂਰ ਹੈ, ਜਿਸ ਵਿਚੋਂ ਕੁਝ ਸਤਰਾਂ ਇਥੇ ਦੇਂਦੇ ਹਾਂ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

"ਆ ਦਿਲਾ ! ਹੋਸ਼ ਕਰੀਂ ! ਨਿਹੁੰ ਨਾ ਲਗਾਈਂ, ਵੇਖੀਂ !
ਇਸ਼ਕ ਦੇ ਪੇਚ ਬੁਰੇ, ਜੀ ਨਾ ਫਸਾਈਂ, ਵੇਖੀਂ !
ਤੂੰ ਹੈਂ ਅਣਜਾਣ ਜਿਹਾ, ਲੋਕ ਬੜੇ ਵਲ ਛਲੀਏ,
ਖੋਟੇ ਬਾਜ਼ਾਰ ਕਿਤੇ ਭਰਮ ਨਾ ਜਾਈਂ, ਵੇਖੀਂ !
ਫੁਲਾਂ ਦੇ ਖ਼ਾਰ ਬੁਰੇ, ਖ਼ਾਰਾਂ ਤੋਂ ਨੋਕਾਂ ਬੁਰੀਆਂ,
ਸ਼ੋਖਿਆਂ ਨਾਲ ਪਿਆ ਨੈਣ ਨਾ ਲਾਈਂ, ਵੇਖੀ !

ਇਨ੍ਹਾਂ ਦੀ ਉਮਰ ਇਸ ਵੇਲੇ ੭੩ ਸਾਲ ਦੀ ਹੋ ਗਈ ਹੈ, ਪਰ ਅਜੇ ਬੁੱਢੇ ਨਹੀਂ ਹੋਏ। ਕਾਵਿ ਰਚਨਾ ਵਿਚ ਉਹੀ ਸਜਰੇ ਮਨ-ਤ੍ਰੰਗ ਤੇ ਉਹੀ ਜਵਾਨ ਰੀਝਾਂ ਦੇ ਸੁਪਨੇ ਹਨ।

ਇਨ੍ਹਾਂ ਨੇ ਸਾਡੀ ਬੇਨਤੀ ਪ੍ਰਵਾਨ ਕਰ ਕੇ ਇਸ ਪੰਜਾਬੀ ਦਰਬਾਰ ਵਿਚ ਪੜ੍ਹਣ ਲਈ ਹੇਠ ਲਿਖੀਆਂ ਕਵਿਤਾਵਾਂ ਭੇਜੀਆਂ ਹਨ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਉਜੜਿਆ ਥੇਹ

(੧) ਰੰਗਣਾਂ ਵਿਚ ਵਸਦਿਆਂ ਸ਼ਹਿਰਾਂ ਦੇ ਉਜੜੇ ਢੇਰ ਵਿੱਚ
ਇਕ ਅਬਲਾ ਹੈ ਘਿਰੀ ਹੋਈ ਦਿਨਾਂ ਦੇ ਫੇਰ ਵਿਚ
ਤਾਉ ਖਾ ਖਾ ਚਰਖ ਦੇ, ਚਿਹਰਾ-ਕਮਲ ਕੁਮਲਾ ਗਿਆ
ਫਿਕਰ ਵਿਚ ਘੁਲ ਘੁਲ, ਜਵਾਨੀ ਤੇ ਬੁਢੇਪਾ ਆ ਗਿਆ।
ਵਖਤਾਂ ਮਾਰੀ ਸੂਰਤ ਵਾਂਗਰ, ਖਿੰਡੇ ਪੁੰਡੇ ਵਾਲ ਨੇ,
ਅੱਖੀਆਂ ਵਿਚ ਪੈ ਗਏ ਟੋਏ, ਗ਼ਮਾਂ ਦੇ ਨਾਲ ਨੇ।
ਟੁੱਟਾ ਹੋਇਆ ਦਿਲ ਹੈ, ਫੜ ਫੜ ਮੁੱਠ ਵਿੱਚ ਸੰਭਾਲ ਦੀ,
ਮੌਤ ਦੇ ਹੜ ਵਿਚ ਰੁੜ੍ਹੀ ਜਾਂਦੀ ਹੈ ਤਿਣਕੇ ਭਾਲਦੀ।
ਖੰਡਰਾਂ ਵਿਚ ਖੋਜਦੀ ਹੈ, ਲਾਲ ਟੁੱਟੇ ਹਾਰ ਦੇ,
ਫੁਲ ਰੋ ਰੋ ਚੁਣ ਰਹੀ ਹੈ, ਮਰ ਮਿਟੀ ਗੁਲਜ਼ਾਰ ਦੇ।
ਹਾਇ ! ਵੈਰਨ ਹੋਣੀਏ ! ਏਹ ਕ ਹਨੇਰ ਮਚਾਏ ਨੀ ?
ਰਾਜ ਮੰਦਰ ਮੇਰੇ ਢਾ ਢਾ ਢੇਰ ਕੀਕਰ ਲਾਏ ਨੀ ?
ਸੁਰਨ ਦੀ ਲੰਕਾ ਮੇਰੀ ਵਿਚ ਮੌਤ ਲੰਬੂ ਲਾ ਗਈ,
ਮੇਰੇ ਸ਼ੇਰਾਂ ਦਾ ਕਲੇਜਾ ਕੋਈ ਡਾਇਣ ਖਾ ਗਈ।

---

(੨) ਐਥੇ ਮੇਰਾ ਰਾਮ ਲਛਮਣ ਮੋਰਚੇ ਸੀ ਲਾ ਰਿਹਾ,
ਐਥੇ ਮੇਰਾ ਸ਼ਾਮ ਸੀ ਦੁਸ਼ਟਾਂ ਨੂੰ ਗਾਹੇ ਪਾ ਰਿਹਾ।
ਐਥੇ ਅਰਜਨ ਭੀਮ ਮੇਰੇ ਦਿਗ–ਵਿਜੈ ਸਨ ਕਰ ਰਹੇ,
ਐਸ ਥਾਂ ਸਰਬਸ ਦਾਨੀ ਚੁਲੀਆਂ ਸਨ ਭਰ ਰਹੇ।
ਐਥੇ ਮੇਰੀ ਜਾਨਕੀ ਸੀ, ਧਰਮ ਦੀ ਨੀਂਹ ਧਰ ਰਹੀ,
ਐਸ ਥਾਂ ਦੁਰਗਾ ਸੀ ਦੈਤਾਂ ਦੀ ਸਫਾਈ ਕਰ ਰਹੀ।
ਐਥੋਂ ਰਿਸ਼ਮਾਂ ਪਾਉਂਦੇ ਸਨ ਵਿਸ਼੍ਵ–ਵਿਦਿਆਲੇ ਮਿਰੇ,
ਐਥੇ ਮੇਰੇ ਜੋਤਸ਼ੀ ਆਕਾਸ਼ ਸਨ ਮਿਣਦੇ ਰਹੇ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਐਸ ਥਾਂ ਲੀਲਾ-ਵਤੀ ਨੇ ਬਹਿ ਕੇ ਲੇਖੇ ਲਾਏ ਸਨ,
ਐਥੇ ਕਾਲੀ ਦਾਸ ਨੇ ਕਵਿਤਾ ਨੂੰ ਕਾਮਣ ਪਾਏ ਸਨ।
ਐਥੇ ਪਾਉਂਦੀ ਛਣਛਣਾਟ ਕੁਬੇਰ ਦੀ ਟਕਸਾਲ ਸੀ,
ਐਥੇ ਮੇਰੇ-ਵਿਸ਼੍ਵ ਕਰਮਾ ਦੀ ਖੁਲੀ ਚਟਸ਼ਾਲ ਸ਼ੀ।

ਹਾਇ! ਮੇਰੀ ਸ਼ਾਨ ਤੇ ਸ਼ੋਕਤ ਜੜੋਂ ਪੱਟੀ ਗਈ,
ਚੜ੍ਹ ਕੇ ਗੁੱਡੀ ਅਰਸ਼ ਤੇ ਇਕਬਾਲ ਦੀ ਕੱਟੀ ਗਈ।
(੩) ਮੇਰੇ ਭੀਸ਼ਮ ਦ੍ਰੋਣ ਨੇ ਚਿੱਲੇ ਚੜ੍ਹਾਏ ਮੁੜ ਨਹੀਂ,
ਆ ਕੇ ਵਿਕ੍ਰਮ ਭੋਜ ਨੇ ਦਰਬਾਰ ਲਾਏ ਮੁੜ ਨਹੀਂ।
ਪੈ ਗਈ ਬਿਜਲੀ ਕੋਈ ਪਰਤਾਪ ਦੇ ਪਰਵਾਰ ਤੇ.
ਚੜ੍ਹ ਗਿਆ ਜੰਗਾਲ ਪ੍ਰਿਥਵੀ-ਰਾਜ ਦੀ ਤਲਵਾਰ ਤੇ।
ਹੋਏ ਜੋ ਖਾਲੀ ਸਿੰਘਾਸਨ ਮੁੜ ਸੰਭਾਲੇ ਨਾ ਕਿਸੇ,
ਕਲਮ ਤੇ ਤਲਵਾਰ ਦੇ ਜੌਹਰ ਵਿਖਾਏ ਨਾ ਕਿਸੇ।
ਉਡਦੀ ਹੈ ਖੇਹ ਅੱਜ ਉਸ ਰੰਗਲੇ ਬਾਜ਼ਾਰ ਵਿੱਚ,
ਖ਼ਾਰ ਬਾਕੀ ਰਹਿ ਗਏ ਨੇ ਮਹਿਕਦੀ ਗੁਲਜ਼ਾਰ ਵਿਚ।
ਸਾਰੇ ਜਗ ਦਾ ਰਾਹ-ਦਿਖਲਾਊ ਮੁਨਾਰਾ ਢਹਿ ਗਿਆ,
ਕਾਗਤਾਂ ਵਿਚ ਸਹਿਕਦਾ ਇਤਿਹਾਸ ਖਾਲੀ ਰਹਿ ਗਿਆ।
ਮੈ ਨਹੀਂ, ਮਸਤੀ ਨਹੀਂ, ਮਹਿਫਲ ਨਹੀਂ, ਸਾਕੀ ਨਹੀਂ,
ਬਾਗ ਬੁਲਬੁਲ, ਬਾਗਬਾਨ, ਬਹਾਰ ਕੁਝ ਬਾਕੀ ਨਹੀਂ।
ਪ੍ਰੇਮ ਦੇ ਚਸ਼ਮੇ ਨਹੀਂ, ਬਲਕਾਰ ਦੀ ਬਰਕਤ ਨਹੀਂ,
ਜ਼ੋਰ ਨਹੀਂ, ਕੋਈ ਜਰ ਹੈ ਨਹੀਂ, ਖੂਨ ਵਿਚ ਹਰਕਤ ਨਹੀਂ।
ਧਰਮ ਧੀਰਜ, ਧਾਮ, ਧਨ, ਧੌਂਸਾ, ਨਗਾਰਾ ਰਹਿ ਗਿਆ.
ਇਕੋ ਬਸ ਲੰਗੋਟਧਾਰੀ ਦਾ ਸਹਾਰਾ ਰਹਿ ਗਿਆ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਦੇਸ ਪੰਜਾਬ

ਹਰੇ ਭਰੇ ਹੇ ਦੇਸ ਪੰਜਾਬ ਮੇਰੇ,
ਸਾਰੇ ਦੇਸਾਂ ਦੇ ਸਿਰ ਦਾ ਸਰਦਾਰ ਹੈਂ ਤੂੰ,
ਮੁਕਟ ਸੇਹਰਿਆਂ ਦੇ ਲੱਦੇ ਪਰਬਤਾਂ ਦ ,
ਲਾੜਾ ਰੱਬ ਨੇ ਦਿਤਾ ਸ਼ਿੰਗਾਰ ਹੈਂ ਤੂੰ,
ਪੰਜਾਂ ਨੈਆਂ ਦੀ ਸਾਈਂ ਨੇ ਲਹਿਰ ਲਾਈ,
ਨਹਿਰਾਂ ਨਾਲ ਬਣ ਰਿਹਾ ਗੁਲਜ਼ਾਰ ਹੈਂ ਤੂੰ,
ਭਾਰਤ ਵਰਸ਼ ਦੇ ਸੀਸ ਤੇ ਛਤਰ ਛਾਇਓਂ,
ਅੰਨ ਧੰਨ ਦਾ ਭਰਿਆ ਭੰਡਾਰ ਹੈਂ ਤੂੰ।

ਹਰੀ ਭਰੀ ਪੱਧਰ ਫਸਲਾਂ ਭਰੀ ਤਰੀ,
ਠੰਡੀ ਠਰੀ ਪਹਾੜਾਂ ਦੀ ਧਾਰ ਤੇਰੀ,
ਮਾਝੇ, ਮਾਲਵੇ, ਵੜਪ, ਬਹਾਰ ਬੱਧੀ,
ਖਾਣ ਿਨੇ ਦੀ ੇ ਗਈ ਬਾਰ ਤੇਰੀ,
ਕੰਢੀ ਬੇਟ, ਡੂੰਗਰ, ਮੈਨਦ੍ਵਾਬ ਲੰਮਾ,
ਲਹਿ ਲਹਿ ਕਰੇ ਧੰਨੀ ਪੋਠੋਹਾਰ ਤੇਰੀ,
ਤੇਰੇ ਹਲਾਂ ਪੰਜਾਲੀਆਂ ਰੰਗ ਲਾਇਆ,
ਚਾਰ ਕੂਟ ਖਾਵੇ ਪੈਦਾਵਾਰ ਤੇਰੀ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਮਾਈ ਬਾਪ ਤੂੰ ਭੁੱਖਿਆਂ ਨੰਗਿਆਂ ਦਾ,
ਵੰਨੋ ਵੰਨ ਦੇ ਅੰਨ ਉਗਾਉਨਾ ਏਂ,
ਫੁੱਲਾਂ, ਫਲਾਂ, ਵੱਲਾਂ, ਵਖਰ ਵਾੜੀਆਂ ਤੇ,
ਰਸਾਂ ਕਸਾਂ ਦੇ ਢੇਰ ਲਗਾਉਨਾ ਏਂ,
ਵੱਗ ਚਾਰ ਕੇ ਕੁੰਢੀਆਂ ਬੂਰੀਆਂ ਦੇ,
ਦੁਧ ਘੇ ਦੀ ਨਹਿਰ ਵਗਾਉਨਾ ਏਂ,
ਰਸਤਾ ਖੋਲ੍ਹ ਤੂੰ ਮੋਦੀਆਂ ਜੱਗ ਲਾਇਆ,
ਸਾਰੇ ਜੱਗ ਦੀ ਅੱਗ ਬੁਝਾਉਨਾ ਏਂ।

ਤੇਰੀ ਦਿੱਲੀ ਨੇ ਦਿਲ ਦੀ ਮਰੋੜ ਕਿੱਲੀ,
ਤੇ ਕਲਕਤਿਓਂ ਤਖਤ ਪਲਟਾ ਦਿਤਾ,
ਝਾਕੀ ਸ਼ਿਮਲੇ ਦੀ ਸੁਰਗ ਦੀ ਖੋਲ੍ਹ ਤਾਕੀ,
ਇੰਦਰਪੁਰੀ ਨੂੰ ਭੀ ਵੱਟਾ ਲਾ ਦਿੱਤਾ,
ਮਰੀ ਭਾਗਸੂ ਭਾਗ ਕਸ਼ਮੀਰ ਲਾਇਆ,
ਤੇ ਲਹੌਰ ਨੂੰ ਲਾਟ ਬਣਵਾ ਦਿੱਤਾ,
ਭੋਣ ਪਰਸਦੇ ਤੇਰੇ ਦਰਬਾਰ ਅੱਗੇ,
ਅੰਮ੍ਰਿਤਸਰ ਨੇ ਬਿਕੁੰਠ ਭਰਮਾ ਦਿੱਤਾਂ,

ਤੇਰੇ ਜੋਬਨ ਤੇ ਹੁਸਨ ਦੀ ਰੀਸ ਹੇ ਨਹੀਂ,
ਬਰਸੇ ਨੂਰ ਤੇ ਭਖਦੀਆਂ ਲਾਲੀਆਂ ਨੇ।
ਸਿੰਘ ਸੂਰਮੇ, ਡੋਗਰੇ ਕੁੰਢ-ਮੁੱਛੇ,
ਪੋਠੋਹਾਰ ਦੀਆਂ ਪੱਟੀਆਂ ਕਾਲੀਆਂ ਨੇ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਛੈਲ ਗੱਭਰੂ ਬਾਂਕੇ ਜੁਆਨ ਸੋਹਣੇ,
ਹਿਕਾਂ ਚੌੜੀਆਂ ਅੱਖਾਂ ਮਤਵਾਲੀਆਂ ਨੇ।
ਦਰਸ਼ਨ ਕੀਤਿਆਂ ਜਿਨ੍ਹਾਂ ਦੇ ਭੁੱਖ ਲੱਥੇ,
ਕਹੀਆਂ ਸੂਰਤਾਂ ਸੱਚੇ ਵਿਚ ਢਾਲੀਆਂ ਨੇ।

ਜੇੜ੍ਹੇ ਦੇਸ਼ ਦਿਸੌਰ ਵਿਚ ਜਾ ਨਿਕਲੇ,
ਝੰਡੇ ਗੱਡੇ ਹਨ ਤੇਰੇ ਦੁਲਾਰਿਆਂ ਦੇ।
ਦੋੜਾ ਖਾਂਦੇ ਤੇ ਬਹੁਤੀ ਕਮਾਈ ਕਰਦੇ,
ਜਾ ਜਾ ਪਾਰ ਸਮੁੰਦਰਾਂ ਖਾਰਿਆਂ ਦੇ।
ਧੁੰਮ ਪਈ ਹੈ ਤੇਰੀ ਬਹਾਦੁਰੀ ਦੀ,
ਕੰਬਣ ਕਾਲਜੇ ਵੈਰੀਆਂ ਸਾਰਿਆਂ ਦੇ।
ਬਰ੍ਹਮਾ, ਚੀਨ, ਅਫਰੀਕਾ, ਫਰਾਂਸ ਅੰਦਰ,
ਤਕਮੇ ਮਿਲੇ ਤੈਨੂੰ ਜੰਗਾਂ ਭਾਰਿਆਂ ਦੇ।

ਤੇਰੀ ਹੱਡ ਬੀਤੀ ਕੀਤੀ ਮਾਤ ਮਹਿਫ਼ਲ,
ਮੱਤਾਂ ਸਿੱਖੀਆਂ ਤੈਥੋਂ ਸੰਸਾਰ ਸਾਰੇ।
ਪਹਿਲਾ ਬਾਬ ਕਿਤਾਬ ਦਾ ਧਰਤ ਤੇਰੀ,
ਖੇਡੇ ਤੇਰੇ ਵਿਚ ਰਿਸ਼ੀ ਅਵਤਾਰ ਸਾਰੇ,
ਏਹ ਸ਼ਿਕਾਰ-ਗਾਹ ਭੀਲਾਂ ਲੁਟੇਰਿਆਂ ਦੀ,
ਵਣਾਂ ਕੰਡਿਆਂ ਦੀ ਭਰੀ ਬਾਰ ਸਾਰੇ।
ਕੀਕੁਰ ਵੱਠ ਕੇ ਆਰੀਆ ਵਰਤ ਬਣ ਗਈ,
ਤੇਰੀ ਰਾਹੀਂ ਇਹ ਹੋਏ ਵਿਹਾਰ ਸਾਰੇ।

CC-0. In Public Domain. Gurukul Kangri Collection, Haridwar

ਰਿਸ਼ੀਆਂ ਮੁਨੀਆਂ ਦੇ ਰਥਾਂ ਦਾ ਦੇਸ਼ ਤੁਧ ਵਿਚ,
Digitized by Arya Samaj Foundation Chennai and eGangotri
ਵਾਰਾਂ ਤੇਰੀਆਂ ਜੱਗ ਵਿਚ ਚਲੀਆਂ ਨੇ ।
ਵਾਲਮੀਕ ਨੇ ਰਚੀ ਰਮੈਣ ਬਹਿ ਕੇ,
ਸੀਤਾ ਸਤੀ ਤੇਰੀਆਂ ਜੂਹਾਂ ਮੱਲੀਆਂ ਨੇ ।
ਲਊ ਕੁਸ਼ੂ ਨੇ ਯੱਗ ਦਾ ਬੰਨ੍ਹ ਘੋੜਾ,
ਫੌਜਾਂ ਰਾਮ ਦੀਆਂ ਪਿਛਾਹਾਂ ਨੂੰ ਘਲੀਆਂ ਨੇ ।
ਕੈਰੋਂ ਪਾਂਡਵਾਂ ਛੇੜਿਆ ਮਹਾ ਭਾਰਤ,
ਠਾਰ੍ਹਾਂ ਖੂਹਣੀਆਂ ਖਾਕ ਵਿਚ ਰੱਲੀਆਂ ਨੇ ।

ਲਹੂਆਂ ਭਰੀ ਤਵਾਰੀਖ਼ ਦੀ ਵਾਰ ਤੇਰੀ,
ਵੱਗੇ ਕਈ ਅਨ੍ਹੇਰ ਤੂਫ਼ਾਨ ਏਥੇ ।
ਲੁੱਟਾਂ ਧਾਵਿਆਂ ਭਾਜੜਾਂ ਮੱਤ ਮਾਰੀ,
ਘੱਲੂ-ਘਾਰੇ ਦੇ ਪਏ ਘਮਸਾਨ ਏਥੇ ।
ਜਾਗੇ ਦੇਸ਼ ਨੂੰ ਕਈ ਜਗਾਣ ਵਾਲੇ,
ਸੁੱਤੇ ਮੌਂ ਗਏ ਕਈ ਸੁਲਤਾਨ ਏਥੇ ।
ਸਿਰ ਨੂੰ ਤਲੀ ਧਰ ਕੇ ਖੰਡਾ ਵਾਹੁਣ ਵਾਲੇ,
ਹੀਰੇ ਹੋ ਗਏ ਕਈ ਕੁਰਬਾਨ ਏਥੇ ।
ਜੰਮਣ-ਭੋਂ ਅਵਤਾਰਾਂ ਤੇ ਅਵਲਿਆ ਦੀ,
ਹਠੀਆਂ ਤਪੀਆਂ ਤੇ ਰੂਹਾਂ ਮਸਤਾਨੀਆਂ ਦੀ ।
ਸੂਰਬੀਰਾਂ, ਕਵੀਸ਼ਰਾਂ, ਪੰਡਤਾ ਦੀ
ਭਗਤਾਂ ਧਰਮੀਆਂ ਬ੍ਰਹਮ-ਗਿਆਨੀਆਂ ਦੀ ।

CC-0. In Public Domain. Gurukul Kangri Collection, Haridwar

ਤੂੰ ਦਰਗਾਹ ਹੈਂ ਆਸ਼ਕਾਂ ਸਾਦਕਾਂ ਦੀ,
Digitized by Arya Samaj Foundation Chennai and eGangotri
ਤੂੰ ਸਮਾਧ ਸਰਬੰਸ ਦੇ ਦਾਨੀਆਂ ਦੀ।
ਤੇਰੀ ਮਿੱਟੀ ਵਿਚ ਮਹਿਕ ਸ਼ਹੀਦੀਆਂ ਦੀ
ਤੇਰੀਆਂ ਤਰਬਾਂ ਵਿਚ ਗੂੰਜ ਕੁਰਬਾਨੀਆਂ ਦੀ।

ਕੋਟ ਅਕਲ ਦਾ, ਤੇਗ ਦਾ ਧਨੀ ਪੂਰਾ,
ਛੇਤਰ ਧਰਮ ਦਾ, ਭਗਤੀ-ਭੰਡਾਰ ਹੈਂ ਤੂੰ।
ਤੂੰ ਉਸਤਾਦ ਕਾਰੀਗਰੀਆਂ ਹਿਕਮਤਾਂ ਦਾ,
ਸ਼ੀਲ ਸੱਭਿਅਤਾ, ਨੀਤਿ ਦਾ ਦ੍ਵਾਰ ਹੈਂ ਤੂੰ।
ਹੀਰੇ ਲਾਲਾਂ ਦੀ ਖਾਣ ਸਾਹਿਤਕ ਤੇਰੀ,
ਕਾਵਜ ਕੋਸ਼ ਦਾ ਕੁੰਜੀ-ਬਰਦਾਰ ਹੈਂ ਤੂੰ।
ਰਿਸ਼ਮਾਂ ਇਲਮ ਦੀਆਂ ਪਾਵੇ ਜਹਾਨ ਉਤੇ,
ਉਸ ਤਕਸ਼ਲਾ ਦਾ ਦਾਵੇਦਾਰ ਹੈਂ ਤੂੰ।

ਰੁੱਤਾਂ ਮਿਠੀਆਂ, ਬਲੀ ਹੈ ਪੌਣ ਪਾਣੀ,
ਜੋਬਨ ਮੱਤੜਾ ਰੂਪ ਅਪਾਰ ਤੇਰਾ।
ਵੇਸ ਉਜਲਾ, ਮਿਠੜਾ ਬੋਲ ਤੇਰਾ,
ਬਾਂਕੀ ਚੜ੍ਹਤ, ਚੇਹਰਾ ਸ਼ਾਨਦਾਰ ਤੇਰਾ।
ਸ਼ਾਹੂਕਾਰ, ਸਿਪਾਹੀ, ਕਿਰਸਾਣ, ਕਿਰਤੀ,
ਉੱਚਾ ਵਣਜ ਤੇ ਸੁੱਚਾ ਵਿਓਪਾਰ ਤੇਰਾ।
ਤੇਰੇ ਦਾਨੇ ਖਜ਼ਾਨੇ ਭਰਪੂਰ 'ਚਾਤ੍ਰਿਕ',
ਪੁੰਨ ਖਾ ਰਿਹਾ ਸਾਰਾ ਸੰਸਾਰ ਤੇਰਾ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਉਹ ਕਹਾਣੀ ਸੀ ਤੇਰੀ ਬਹਾਦੁਰੀ ਦੀ,
ਹੁਣ ਹੈ ਸ਼ੁਰੂ ਇਕ ਨਵਾਂ ਅਫ਼ਸਾਨਾ ਤੇਰਾ ।
ਦੋ ਸੌ ਵਰ੍ਹੇ ਗ਼ੁਲਾਮੀ ਦੇ ਖ਼ਤਮ ਹੋ ਗਏ,
ਤੇ ਆਜ਼ਾਦੀ ਦਾ ਆਇਆ ਜ਼ਮਾਨਾ ਤੇਰਾ ।

ਧੁੱਪਾਂ ਗਰਮੀਆਂ ਵਾਛੜ ਹਨੇਰੀਆਂ ਤੋਂ,
ਬਣ ਗਿਆ ਬਹੁਤ ਉੱਚਾ ਆਸ਼ੀਆਨਾ ਤੇਰਾ ।
ਪਰ ਤਕਦੀਰ ਨੂੰ ਸ਼ਾਇਦ ਮਨਜ਼ੂਰ ਨਹੀਂ ਸੀ,
ਹੋ ਗਿਆ ਆਪਣਾ ਯਾਰ ਬੇਗਾਨਾ ਤੇਰਾ ।

ਟੁੱਕੇ ਗਏ ਵਿਚਕਾਰੋਂ ਦਰਿਆ ਤੇਰੇ,
ਐਧਰ ਹਿੰਦ ਔਧਰ ਪਾਕਿਸਤਾਨ ਹੋ ਗਿਆ ।
ਆਉਣ ਜਾਣ, ਅਦਲਾਣ ਬਦਲਾਣ ਦੇ ਵਿਚ
ਇਕ ਕਰੋੜ ਇਨਸਾਨ ਕੁਰਬਾਨ ਹੋ ਗਿਆ ।
ਸਾੜ ਫੂਕ, ਉਜਾੜੇ ਤੇ ਲੁੱਟ ਅੰਦਰ
ਖਿੜਿਆ ਮਹਿਕਦਾ ਬਾਗ਼ ਵੀਰਾਨ ਹੋ ਗਿਆ ।
ਹਿੰਦੂ, ਸਿਖ, ਮੁਸਲਿਮ ਹੋ ਗਏ ਖੇਰੂ ਖੇਰੂ,
ਸਾਡੇ ਸਿਰ ਤੇ ਅਸਵਾਰ ਸ਼ੈਤਾਨ ਹੋਗਿਆ ।

ਜਿਸ ਦਿਨ ਰੱਬ ਨੂੰ ਫੇਰ ਮਨਜ਼ੂਰ ਹੋਇਆ,
ਮੁੜ ਕੇ ਓਹੋ ਹੋ ਜਾਏਗਾ ਹਾਲ ਸਾਡਾ ।
ਆ ਕੇ ਸ਼ਰਮ ਸ਼ੈਤਾਨ ਦੇ ਚੇਲਿਆਂ ਨੂੰ,
ਪੱਛੋਤਾਏ ਗਾ ਭੈੜਾ ਖ਼ਿਆਲ ਸਾਡਾ ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਫਿਰਕੇਦਾਰੀਆਂ ਦੀ ਲਾਨਤ ਦਫ਼ਾ ਹੋਸੀ,
ਤਦ ਹੋ ਜਾਏਗਾ ਹੱਲ ਸਵਾਲ ਸਾਡਾ,
ਹਿੰਦੂ, ਸਿਖ,ਮੋਮਿਨ ਤੇ ਈਸਾਈਆਂ ਦਾ
ਹੋਸੀ ਫੈਸਲਾ ਜੱਫੀਆਂ ਨਾਲ ਸਾਡਾ।

ਇਕ ਦਿਨ ਆਏਗਾ ਜਦੋਂ ਇਕਬਾਲ ਸਾਡਾ,
ਅਕਲ ਇਲਮ ਦੌਲਤ ਵਿਚ ਪਰਵਾਨ ਹੋਸੀ।
ਸਾਰੇ ਏਸ਼ੀਆ ਦੀ ਮਹਿਫ਼ਲ ਭਖੀ ਹੋਸੀ,
ਤੇ ਪਰਧਾਨ ਉਸਦਾ ਹਿੰਦੁਸਤਾਨ ਹੋਸੀ।
ਸਾਰੇ ਸੂਬਿਆਂ ਦੀ ਹੋਸੀ ਜਥੇਬੰਦੀ,
ਤੇ ਮੁਮਤਾਜ਼ ਪੰਜਾਬ ਦੀ ਸ਼ਾਨ ਹੋਸੀ।
ਆਨ ਸ਼ਾਨ ਹੋਸੀ ਲਾ-ਜ਼ਵਾਲ ਐਸੀ,
ਜਿਸ ਨੂੰ ਵੇਖ ਜਹਾਨ ਹੈਰਾਨ ਹੋਸੀ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਪ੍ਰੋਫ਼ੈਸਰ ਮੋਹਨ ਸਿੰਘ

ਪੰਜਾਬੀ ਦੀ ਰੁਮਾਂਸਿਕ ਕਵਿਤਾ ਦਾ ਮੋਢੀ ਪ੍ਰੋਫ਼ੈਸਰ ਮੋਹਨ ਸਿੰਘ ਹੈ । ਇਸ ਦੇ ਅੰਦਰ ਜੀਵਨ ਦਾ ਡੂੰਘਾ ਪਿਆਰ ਹੈ ਜਿਸ ਵਿੱਚ ਖ਼ੁਸ਼ੀ ਦੀ ਹੋਂਦ ਦਾ ਨਕਸ਼ਾ, ਹਵਾ-ਵਰਗੀ ਖੁਲ੍ਹ ਤੇ ਤੇਜ਼ੀ, ਬੱਚੇ ਵਾਲੀਆਂ ਨਿੱਕੀਆਂ ੨ ਸੱਧਰਾਂ ਤੇ ਜਵਾਨਾਂ ਵਾਲੀਆਂ ਖ਼ਰਮਸਤੀਆਂ ਭਰੀਆਂ ਪਈਆਂ ਹਨ– "ਵਿਚ ਵਿਚੋਲਾ ਪਧਰਾ ਜੀਵਨ ਮੂਲ ਨ ਮੈਨੂੰ ਭਾਵੇ" । ਇਹ ਤਾਂ ਚਾਂਹਦਾ ਹੈ ਜੀਣ ਥੀਣ ਦਾ ਪਿਆਰ, ਇੱਕ ਅਮਲੀ ਜੀਵਨ ਜਿਸ ਵਿੱਚ ਜੰਗਲਾਂ ਦਾ ਗਾਹਣਾ, ਰੇਤੜ ਨੂੰ ਵਾਹਣਾ, ਪਹਾੜਾਂ ਨਾਲ ਖਹਿਣਾ ਇੱਕ ਮਾਮੂਲੀ ਜਹੀ ਗੱਲ ਹੈ, ਜਿਸ ਵਿੱਚ ਆਦਮੀ ਪੁਰਾਣੇ ਪੰਧ ਢਾਹ ਢਾਹ ਕੇ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਸਜਰੇ ਰਾਹ ਬਣਾਂਦਾ ਹੈ ਅਤੇ ਲੋਕਾਂ ਦੀਆਂ ਪਰਡੰਡੀਆਂ ਉੱਤੇ ਚਲਣਾ ਅਪਣੀ ਹੱਤਕ ਸਮਝਦਾ ਹੈ। ਉਸ ਦੇ ਭਾਣੇ—

"ਹੈ ਜੀਵਨ ਅਦਲਾ ਬਦਲੀ ਤੇ ਹੋਣਾ ਰੰਗ ਬਰੰਗਾ,
ਸੋ ਮੁਰਦੇ ਭਗਤਾਂ ਕੋਲੋਂ ਇੱਕ ਜੀਉਂਦਾ ਜ਼ਾਲਮ ਚੰਗਾ।"

ਇਹੋ ਜਹੇ ਨੂੰ ਸੁਰਗ ਵੀ ਦੇ ਦਿਓ ਤਾਂ ਵੀ ਉਹ ਨਹੀਂ ਕਬੂਲੇਗਾ, ਕਿਉਂਕਿ ਉਸ ਵਿੱਚ ਜੀਵਨ ਇੱਕ-ਸਾਰ ਜਿਹਾ, ਸੁਸਤ ਜਿਹਾ, ਅਤੇ ਨਿਰਾ ਕਮਜ਼ੋਰਾਂ, ਕੰਮ-ਚੋਰਾਂ ਵਾਲਾ ਹੈ। ਇਨ੍ਹਾਂ "ਸੁਰਗਾਂ ਤੋਂ ਦੋਜ਼ਖ ਚੰਗੇ ਜਿਥੇ ਹੈ ਜੀਵਨ ਦੰਗਾ।"

ਇਹ ਪਿਆਰ ਦਾ ਕਵੀ ਹੈ, ਪਿਆਰ ਵੀ ਉਹ ਜਿਸ ਵਿੱਚ ਬਹਿ ਬਹਿ ਕੇ ਅਵੇਸਲੀਆਂ ਗੱਲਾਂ ਕਰਨ ਨੂੰ ਕੋਈ ਥਾਂ ਨਹੀਂ। ਇਸ ਵਿੱਚ ਗੱਭਰੂ ਘੋੜਿਆਂ ਤੇ ਚੜ੍ਹ ਕੇ ਆਉਂਦੇ, ਪੈਲਾਂ ਪਾਂਦੇ ਯਾ ਅੰਬੀ ਦੇ ਬੂਟੇ ਦਵਾਲੇ ਦੌੜਾਂ ਕੱਢਦੇ ਯਾ ਆਪਣੀ ਪ੍ਰੇਮਕਾ ਨੂੰ ਜੰਗੀ ਕਾਰਨਾਮੇ ਸੁਣਾ ੨ ਹਰਾਨ ਕਰਦੇ ਹਨ। ਇਸ ਕਵੀ ਦੀ ਕਵਿਤਾ ਤਿੰਨ ਪੁਸਤਕਾਂ ਵਿੱਚ ਪ੍ਰਕਾਸ਼ਤ ਹੋ ਚੁਕੀ ਹੈ— 'ਸਾਵੇ ਪੱਤਰ', 'ਕਸੁੰਭੜਾ', ਅਤੇ 'ਅਧਵਾਟੇ'। ਮਹਾਤਮਾਂ ਬੁਧ ਦੇ ਜੀਵਨ ਐਡਵਿਨ ਆਰਨਲਡ ਦੀ ਪੁਸਤਕ "ਲਾਈਟ ਆਫ਼ ਏਸ਼ੀਆ" ਦਾ ਉਲਥਾ ਵੀ ਇਸ ਕਵੀ ਨੇ ਪੰਜਾਬੀ ਕਵਿਤਾ ਵਿੱਚ ਬੜੇ ਸੋਹਣੇ ਢੰਗ ਨਾਲ ਕੀਤਾ ਹੈ। ਇਹ ਉਲਥਾ ਘੱਟੋ ਘੱਟ ਉਤਨਾ ਹੀ ਚੰਗਾ ਹੈ ਜਿਤਨੀ ਕਿ ਮੂਲ ਪੁਸਤਕ ਦੀ ਰਚਨਾ।

ਉੱਚੀ ਵਿਦਿਆ ਅਤੇ ਅੰਗ੍ਰੇਜ਼ੀ ਤੇ ਫ਼ਾਰਸੀ ਕਵਿਤਾ ਦੀ ਵਾਕਫ਼ੀ ਦੇ ਕਾਰਨ ਇਸ ਕਵੀ ਦੀ ਕਵਿਤਾ ਵਿੱਚ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਚੋਖੀ ਸੰਜਮ ਤੇ ਗਾੜ੍ਹਾਪਨ ਆ ਗਏ ਹਨ। ਲਫ਼ਜ਼ਾਂ ਨੂੰ ਚੁਣ ਚੁਣ ਕੇ ਲਿਆਉਣਾ, ਮਾਂਜ ੨ ਲਿਸ਼ਕਾਉਣਾਂ ਤੇ ਚੁਸਤੀ ਨਾਲ ਬੀੜਨਾ ਇਸੇ ਕਵੀ ਦਾ ਕੰਮ ਹੈ। ਵੇਖੋ ਇਹ ਕਵੀ ਇੱਕ ਖ਼ਨਗਾਹ ਉੱਤੇ ਦੀਵਾ ਬਾਲਦੀ ਇੱਕ ਭਰਮਣ ਤੀਵੀਂ ਦੇ ਲੋਕ-ਭਰਮ ਵਿੱਚੋਂ ਕਿਤਨੀ ਹਮਦਰਦੀ ਨਾਲ ਇੱਕ ਉੱਚਾ ਖ਼ਿਆਲ ਕਢਦਾ ਹੈ ਅਤੇ ਵਿੱਦਿਆ ਨਾਲ ਭਰੇ ਹੋਏ ਪਰ ਸੁੱਕੇ ਦਿਲਾਂ ਲਈ ਅਗਵਾਈ ਢੂੰਡਦਾ ਹੈ:—

'ਖ਼ਨਗਾਹੀ ਦੀਵਾ ਬਾਲਦੀ ਏ,
ਕੀ ਲੋੜਦੀ ਏਂ ? ਕੀ ਭਾਲਦੀ ਏਂ ?"
"ਤੂ ਅਟਲ, ਅਡੋਲ, ਅਬੋਲ ਖੜੀ,
ਹਿੱਕ ਤੇਰੀ ਨਾਲ ਯਕੀਨ ਭਰੀ;
ਖ਼ਨਗਾਹ ਦੇ ਉੱਤੇ ਆਣ ਨਾਲ,
ਇੱਕ ਦੀਵੇ ਦੇ ਟਿਮਕਾਣ ਨਾਲ;
ਸਭ ਸੰਸੇ ਤੇਰੇ ਦੂਰ ਹੋਏ,
ਹਿੱਕ-ਖੂੰਜੇ ਨੂਰੋ ਨਰ ਹੋਏ;
ਪਰ ਪੜ੍ਹ ਪੜ੍ਹ ਪੁਸਤਕ-ਢੇਰ ਕੁੜੇ,
ਮੇਰਾ ਵਧਦਾ ਜਾਏ ਹਨੇਰ ਕੁੜੇ।
ਕੁਝ ਅੱਜਬ ਇਲਮ ਦੀਆਂ ਜ਼ਿੱਦਾਂ ਨੇ,
ਮੈਨੂੰ ਮਾਰਿਆ 'ਕਿਉਂ' 'ਕੀ' 'ਕਿੱਦਾਂ' ਨੇ।
ਮੈਂ ਨਿਸਚੇ ਬਾਝੋਂ ਭਟਕ ਰਿਹਾ,
ਜੰਨਤ ਦੋਜ਼ਖ਼ ਵਿੱਚ ਲਟਕ ਰਿਹਾ।
ਗੱਲ ਸੁਣ ਜਾ ਭਟਕੇ ਰਾਹੀ ਦੀ,
ਇੱਕ ਚਿਣਗ ਮੈਨੂੰ ਭੀ ਚਾਹੀਦੀ।"

ਖ਼ਿਆਲ ਤੇ ਵਲਵਲੇ ਦੀ ਖੁਲ੍ਹ ਦੇ ਕਾਰਨ ਇਸ ਕਵੀ ਦੀ ਕਵਿਤਾ ਦੇ ਢੰਗ ਖ਼ਾਸ ਕਰ ਕਾਫ਼ੀਏ ਦੇ ਵਿੱਚ

CC-0. In Public Domain. Gurukul Kangri Collection, Haridwar

69 ਧ/੧ ੨੮੮੫
Digitized by Arya Samaj Foundation Chennai and eGangotri

ਖੁਲ੍ਹ ਆ ਗਈ ਹੈ। ਜਿਵੇਂ ਖ਼ਿਆਲ ਦੀ ਦੌੜ ਯਾ ਜਜ਼ਬੇ ਦਾ ਵਹਿਣ ਹੁੰਦਾ ਹੈ ਤਿਵੇਂ ਤੁਕਾਂ ਦੀ ਚਾਲ ਜਾਂ ਤੁਕਾਂਤ ਹੁੰਦਾ ਹੈ। ਕਵੀ ਨੇ ਪੰਜਾਬੀ ਵਿੱਚ ਇੱਕ ਨਵੀਂ ਚਾਲ ਵਾਲਾ ਛੰਦ ਕੱਢਿਆ ਹੈ ਜੋ ਨਾ ਸਿਟਖੰਡੀ ਵਾਂਗ ਇੱਕ-ਸਾਹਾ ਵਹਿੰਦਾ ਹੈ ਅਤੇ ਨਾ ਵਾਰਤਕ ਕਵਿਤ ਵਾਂਗ ਬੇ-ਮੁਹਾਰਾ ਚਲਦਾ ਹੈ,ਸਗੋਂ ਇਹ ਆਪਣੇ ਭਾਵ ਦੇ ਜ਼ੋਰ ਨਾਲ ਵਹਿੰਦਾ ਤੇ ਆਪਣੇ ਉਛਾਲੇ ਨਾਲ ਤੁਕਾਂਤ ਨੂੰ ਵੀ ਉਠਾਲੀ ਬਹਾਲੀ ਜਾਂਦਾ ਹੈ। ਵੇਖੋ ਨਮੂਨਾਃ–

"ਓਹ ਕਿਹੜਾ ਬੂਟਾ ਏ ?
ਹਰ ਥਾਂ ਜੋ ਪਲਦਾ ਏ
ਆਰੇ ਦੇ ਦੰਦਿਆਂ ਤੇ
ਰੰਬੀ ਦੀਆਂ ਧਾਰਾਂ ਤੇ
ਖ਼ੈਬਰ ਦਿਆਂ ਦਰਿਆਂ ਵਿੱਚ
ਸਰਸੇ ਦੀਆਂ ਲਹਿਰਾਂ ਤੇ
ਸਤਲੁਜ ਦੇ ਕੰਢੇ ਤੇ
ਲੱਖੀ ਦੇ ਜੰਗਲ ਵਿੱਚ
ਰੋੜਾਂ ਵਿਚ, ਰਕੜਾਂ ਵਿੱਚ
ਬੰਜਰਾਂ ਵਿੱਚ, ਝਖੜਾਂ ਵਿੱਚ
ਗੜਿਆਂ ਵਿੱਚ, ਮੀਹਾਂ ਵਿੱਚ
ਸਰਹੱਦ ਦੀਆਂ ਨੀਹਾਂ ਵਿੱਚ
ਜਿੱਥੇ ਵੀ ਲਾ ਦੇਈਏ
ਓਥੇ ਹੀ ਪਲਦਾ ਏ
ਜਿਤਨਾ ਇਹ ਛਾਂਗ ਦੇਈਏ
ਉਤਨਾ ਹੀ ਫਲਦਾ ਏ।"

पुस्तकालय
CC-0. In Public Domain. Gurukul Kangri Collection, Haridwar
गुरुकुल कांगड़ी

Digitized by Arya Samaj Foundation Chennai and eGangotri

ਪ੍ਰੋਫੈਸਰ ਮੋਹਨ ਸਿੰਘ ਨਾ ਸਿਰਫ ਸੋਚ ਵਿਚਾਰ ਵਾਲੀ ਕਵਿਤਾ ਲਿਖਦਾ ਹੈ ਬਲਕਿ ਸੋਹਣੇ ੨ ਹੌਲੇ ਫੁੱਲ ਗੀਤ ਭੀ ਰਚਦਾ ਹੈ, ਜਿਨ੍ਹਾਂ ਦੀ ਪੋਠੋਹਾਰੀ ਬੋਲੀ ਉਨ੍ਹਾਂ ਦੇ ਗੀਤ ਦੇ ਸੁਆਦ ਨੂੰ ਹੋਰ ਭੀ ਵਧਾ ਦਿੰਦੀ ਹੈ। ਇਥੇ ਦੋ ਕੁ ਨਮੂਨੇ ਦਿੰਦੇ ਹਾਂ—

(੧) ਜੇ ਤੂੰ ਬਹਿ ਵੰਞੇ ਮੇਰੇ ਕੋਲ,
ਸਤ ਬਹਿਸ਼ਤਾਂ ਦੇਣ ਜੇ ਮੈਨੂੰ,
ਛਡ ਸੁੱਟਾਂ ਮੈਂ ਝੋਲ।

ਮੁੱਖ ਤੇਰੇ ਦੇ ਅਸੀਂ ਵਣਜਾਰੇ,
ਹੋਰ ਨਹੀਂ ਕੁਝ ਮੰਗਦੇ ਪਿਆਰੇ,
ਭਾਵੇਂ ਬੋਲ ਨਾ ਣੋਲ।

ਤਕ ਤਕ ਤੈਨੂੰ ਫਿਰ ਪਿਆ ਤੱਕਾਂ,
ਤਕਦਿਆਂ ਤਕਦਿਆਂ ਮੂਲ ਨ ਥੱਕਾਂ,
ਲਵਾਂ ਨੈਣਾਂ ਵਿੱਚ ਘੋਲ।

ਏਦਾਂ ਬਹੀਂ ਮੇਰੇ ਕੋਲ ਪਿਆਰੇ,
ਤਕ ਤਕ ਤਾਰੇ ਵੀ ਕਰਨ ਇਸ਼ਾਰੇ,
ਕੌਣ ਇਹ ਕੋਲੋਂ ਕੋਲ?

(੨) ਮੇਰਾ ਰਾਂਝਣ ਮੈਨੂੰ ਮੋੜ ਦੇ।
ਜੇ ਹੀਰੇ ਤੈਨੂੰ ਲੋੜ ਰਾਂਝਣ ਦੀ,
ਲੜ ਖੇੜਿਆਂ ਦਾ ਛੋੜ ਦੇ।

ਤਕ ਤਕ ਖੇੜਿਆਂ ਦੀ ਰੰਗਲੀ ਡੋਲੀ,
ਹੁੰਦੀ ਜਾਵੇਂ ਨੀ ਤੂੰ ਉਨ੍ਹਾਂ ਦੀ ਗੋਲੀ,
ਤੈਨੂੰ ਭੁਲ ਗਏ ਰਿਸ਼ਤੇ ਤੋੜ ਦੇ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਨਾਲੇ ਰਾਂਝਣ ਨਾਲੇ ਰਖਨੀ ਏਂ ਖੇੜੇ,
ਇਹ ਝੇੜੇ ਤੇਰੇ ਕੌਣ ਨਬੇੜ ?
ਦੋ-ਦਿਲੀਆਂ ਨੂੰ ਛੋੜ ਦੇ ।

ਜੇ ਰਾਂਝਣ ਤੂੰ ਰਖਣਾ ਹੀ ਰਖਣਾ,
ਦਿਲ ਵੇਹੜੇ ਨੂੰ ਕਰ ਕੇ ਸਖਣਾ,
ਕਿਬਰ ਝਨਾਂ ਵਿੱਚ ਰੋਹੜ ਦੇ ।

ਕਿੰਝ ਹੋਵੇ ਤੈਨੂੰ ਕੁੜੇ ਨਜ਼ਾਰਾ?
ਰਾਂਝਣ ਕੋਲ ਇੱਕੋ ਤਖ਼ਤ ਹਜ਼ਾਰਾ,
ਤੇਰੇ ਖੇੜੇ ਲੱਖ ਕਰੋੜ ਦੇ ।

ਸਾਡੀ ਬਿਨੈ ਪ੍ਰਵਾਨ ਕਰ ਕੇ ਪ੍ਰੋਫੈਸਰ ਜੀ ਨੇ ਪੰਜਾਬੀ ਦਰਬਾਰ ਲਈ ਦੋ ਗੀਤ ਭੇਜੇ ਹਨ ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਇਕ ਗੀਤ

ਮਾਣ ਲੈ ਮਾਣ ਲੈ ਵੇ
ਜੀਵਨ ਮਾਣਨਾ ਈ,
ਜਾਣ ਲੈ ਜਾਣ ਲੈ ਵੇ,
ਵੇਲਾ ਜਾਵਣਾ ਈਂ।

ਕਜ ਨਾ ਕਜ ਨਾ ਵੇ,
ਕਜਿਆਂ ਤ੍ਰਕਦਾ ਈ,
ਵੰਡ ਲੈ, ਵੰਡ ਲੈ ਵੇ
ਪਿਆਲਾ ਛਲਕਦਾ ਈ,

ਤਕ ਲੈ, ਤਕ ਲੈ ਵੇ,
ਦੀਵਾ ਟਿਮਕਦਾ ਈ,
ਚਖ ਲੈ ਚਖ ਲੈ ਵੇ,
ਭਾਵੇਂ ਬਿਖ ਹੀ ਸਹੀ,

ਰੰਗ ਲੈ, ਰੰਗ ਲੈ ਵੇ,
ਕੋਰੀ ਜਿੰਦੜੀ ਈ,
ਰੰਗ ਮਜੀਠ ਨਾ ਸਹੀ,
ਰੰਗ ਕਸੁੰਭ ਹੀ ਸਹੀ।

ਲੰਘ ਜਾ ਲੰਘ ਜਾ ਵੇ,
ਰਾਹ ਅਣਲੰਘਣੇ ਵੇ,
ਅਜੇ ਚਾਨਣਾ ਫਿਰ
ਨ੍ਹੇਰੇ ਸੰਘਣੇ ਵੇ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਹੁਣ

ਪਿਛੇ ਵੱਲ ਤਕਣਾ ਹੈ ਕੰਮ ਵਿਦਵਾਨ ਦਾ,
ਅੱਗੇ ਵੱਲ ਤਕਣਾ ਹੈ ਕੰਮ ਅਵਤਾਰ ਦਾ,
ਦੋਹਾਂ ਕਾਲਾਂ ਤੋਂ ਉਚੇਰਾ ਉਠ ਕੇ
ਹੁਣ ਦੇ ਅੰਦਰ ਜੀਵਣਾ ਕੰਮ ਪਿਆਰ ਦਾ ।

———

ਪਿੱਛੇ ਦੇ ਕਾਲੇ ਤੇ ਮੈਲੇ ਬੈਲਿਉਂ,
ਲਭਿਆ ਆਖਰ ਹੈ ਕੀ ਵਿਦਵਾਨ ਨੂੰ,
ਹੁਣ ਦੀ ਸੌੜੀ ਬੁਕਲੀ ਵਿਚ ਬੈਠ ਕੇ,
ਲਭਿਆ ਨਾ ਜੋ ਨਿਹੋਂ ਨਾਦਾਨ ਨੂੰ ।

———

ਅੱਗੇ ਦੀ ਰੰਗ-ਹੀਣ ਖੁਖੀ ਸੁੰਞ ਵਿਚ,
ਰੰਗ ਕਿਹੜੇ ਤੱਕ ਲਏ ਅਵਤਾਰ ਨੇ,
ਨੇਹੋਂ ਦੇ ਇਕ ਖੰਨੀਉਂ ਨਿਕੇ ਪੱਲ ਵਿਚ,
ਸਾਜੇ ਨਾ ਜੋ ਪਿਆਰ ਦੇ ਕਰਤਾਰ ਨੇ ?

———

ਪਿੱਛੇ ਦੇ ਸੈ ਕੌੜੇ ਮਿੱਠੇ ਤਜਰਬੇ,
ਅੱਗੇ ਦੇ ਸੁਫਨੇ ਵੀ ਲੱਖਾਂ ਪਿਆਰੀਏ,
ਨਾਲੇ ਦੋ ਕਾਲਾਂ ਦੀ ਦੌਲਤ ਸੋਹਣੀਏ
ਹੁਣ ਦੀ ਇਕ ਖੰਨੀ ਦੇ ਉਤੋਂ ਵਾਰੀਏ ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਅੰਮ੍ਰਿਤਾ ਪ੍ਰੀਤਮ

ਕਵੀਆਂ ਦੀ ਪਹਿਲੀ ਪਾਲ ਵਿਚ ਖਲੋਣ ਵਾਲੀ ਇਕ ਦੇਵੀ ਵੀ ਹੈ । ਇਹ ਕਵਿਤ੍ਰੀ ਅੰਮ੍ਰਿਤਾ ਪ੍ਰੀਤਮ ਅਪਣੇ ਵਿਦਵਾਨ ਲਿਖਾਰੀ ਪਿਤਾ ਤੋਂ ਪ੍ਰੇਰਨਾ ਲੈਕੇ ੧੬ ਸਾਲ ਦੀ ਉਮਰ ਤੋਂ ਕਵਿਤਾ ਲਿਖਣ ਲੱਗੀ ਅਤੇ ੩੦ ਸਾਲ ਦੀ ਨੌਜਵਾਨ ਉਮਰ ਵਿਚ ਅੱਧੀ ਕੁ ਦਰਜਨ ਕਵਿਤਾ ਦੀਆਂ ਪੁਸਤਕਾਂ ਲਿਖ ਚੁੱਕੀ ਹੈ । ਪਹਿਲਾਂ ਪਹਿਲ ਅਪਣੇ ਪਿਤਾ ਦੇ ਸਾਏ ਹੇਠ, ਆਮ ਕਵੀਆਂ ਵਾਂਗ, ਸਿਖਿਆ ਪੂਰਤ ਸੁਧਾਰਕ ਕਵਿਤਾ ਰਚਦੀ ਰਹੀ ਅਤੇ ਇਸਦਾ ਧਿਆਨ ਬਰਮੁੱਖੀ ਜਨਤਾ ਵਲ ਹੀ ਰਿਹਾ ਪਰ ੧੯੪੬ ਵਿਚ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਸੁਤੰਤਰ ਹੋ ਕੇ ਅਪਣੀ ਰੁਚੀ ਅੰਦਰ-ਮੁਖੀ ਕਰ ਲਈ ਅਤੇ ਪੱਥਰ ਗੀਟੇ' ਨਾਂ ਦੀ ਪੁਸਤਕ ਵਿਚ ਅਪਣੀਆਂ ਦਿਲੀ ਉਲਝਨਾਂ ਅਤੇ ਸ਼ਖ਼ਸੀ ਜਜ਼ਬਿਆ ਦੇ ਘੋਲ ਦਾ ਉਹ ਨਕਸ਼ ਖਿੱਚਿਆ ਜੋ ਹੁਣ ਤਕ ਕਿਸੇ ਕਵੀ ਦੇ ਹਿਸੇ ਨਹੀਂ ਆਇਆ ਸੀ।

"ਚਪਾ ਚੰਨ–ਤੇ ਮੁਠ ਕੁ ਤਾਰੇ
ਸਾਡਾ ਮੱਲ ਬੈਠੇ ਅਸਮਾਨ।"

ਹੇਠ ਲਿਖੀਆਂ ਸਤਰਾਂ ਵਿਚ ਕਿੰਨਾਂ ਜਜ਼ਬਾ ਵੱਸਿਆ ਪਿਆ ਹੈ

"ਕੌਣ ਜਾਣਦਾ ਏ
ਕਿਤਨੀਆਂ ਕੁ ਤਾਰਾਂ
ਬਣ ਸਕੀਆਂ ਨਾ ਸਾਜ਼ !
ਕੌਣ ਜਾਣਦਾ ਏ
ਕਿਤਨੀਆਂ ਕੁ ਪੀੜਾਂ
ਬਣ ਸਕੀਆਂ ਨਾ ਅਵਾਜ਼ !
ਜਜ਼ਬਿਆਂ ਦੀਆਂ ਛੱਲਾਂ
ਜੀਭ ਨੂੰ ਕੜਵੱਲਾਂ
ਤੇ ਹੋਂਠ ਤ੍ਰੇੜ ਤ੍ਰੇੜ,
ਇਕ ਸੌੜ ਜਿਹੀ,
ਇਕ ਬੂੰਦ ਦੀ ਵੀ ਔੜ,
ਇਕ ਬੋਲ ਦੀ ਵੀ ਔੜ !
ਕਿਨਾ ਕੁਝ-ਬੇ ਅਵਾਜ਼ !"
"ਉਹ ਗੋਤਮ ਜਿਹਾ ਰਿਖੀ
ਮੈਂ ਅਹਿੱਲਿਆ ਜਹੀ ਨਾਰ
ਕਿਸੇ ਇੰਦਰ ਦਾ ਪਾਪ
ਮੇਰੀ ਹੋਣੀ ਦਾ ਸਰਾਪ
ਸਿਲਾ ਬਣ ਕੇ ਪਈ ਹੋਈ
ਰਾਮ ! ਮੈਂ ਤੇਰੇ ਦਵਾਰ !"

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

੧੯੪੭ ਦੀ ਤਰਥੱਲੀ ਨੇ ਤਾਂ ਅੰਮ੍ਰਿਤਾ ਪ੍ਰੀਤਮ ਦੇ ਦਿਲ ਤੇ ਡੂੰਘਾ ਅਸਰ ਕੀਤਾ। ਇਸ ਅਸਰ ਦੇ ਹੇਠਾਂ ਉਸ ਨੇ ਜੋ ਕਵਿਤਾਵਾਂ ਲਿਖੀਆਂ ਹਨ ਓਹ "ਲੰਮੀਆਂ ਵਾਟਾਂ" ਵਿੱਚ ਛਪੀਆਂ ਹਨ। ਇਨ੍ਹਾਂ ਵਿਚੋਂ ਦੇਸ–ਪਿਆਰ ਤੇ ਕੌਮੀ ਹਮਦਰਦੀ ਫੁੱਟ ਫੁੱਟ ਪੈਂਦੀ ਹੈ। ਅੰਮ੍ਰਿਤਾ ਪ੍ਰੀਤਮ ਅਜ ਪੰਜਾਬ ਦੀ ਅਵਾਜ਼ ਹੈ। ਉਸ ਵਿਚ ਪੰਜਾਬ ਦੇ ਵਲਵਲੇ, ਦੁਖੀ ਪੰਜਾਬ ਦੇ ਜਜ਼ਬੇ ਤੜਫ਼ ਰਹੇ ਹਨ। "ਜਿਨ ਸਿਰਿ ਸੋਹਨਿ ਪਟੀਆਂ" ਵਾਲੇ ਖ਼ੂਨੀ ਸੋਹਿਲਿਆਂ ਤੋਂ ਬਾਦ ਇਹ ਪਹਿਲੀ ਵੇਰ ਫੇਰ ਪੰਜਾਬ ਦੀ ਅਵਾਜ਼ ਫੁਟ ਕੇ ਨਿਕਲੀ ਹੈ। ਸੁਣੋ ਖਾਂ ਇਸ ਅਵਾਜ਼ ਨੂੰ:

"ਅਜ ਆਖਾਂ ਵਾਰਸ ਸ਼ਾਹ ਨੂੰ ਕਿਤੋਂ ਕਬਰਾਂ ਵਿਚੋਂ ਬੋਲ!
ਤੇ ਅਜ ਕਿਤਾਬੇ ਇਸ਼ਕ ਦਾ ਕੋਈ ਅਗਲਾ ਵਰਕਾ ਫੋਲ!
ਇਕ ਰੋਈ ਸੀ ਧੀ ਪੰਜਾਬ ਦੀ, ਤੂੰ ਲਿਖ ਲਿਖ ਮਾਰੇ ਵੈਣ।
ਅਜ ਲੱਖਾਂ ਧੀਆਂ ਰੋਂਦੀਆਂ ਤੇ ਵਾਰਸ ਸ਼ਾਹ ਨੂੰ ਕਹਿਣ।
ਵੇ ਦਰਦਮੰਦਾਂ ਦਿਆ ਦਰਦੀਆ! ਉਠ ਤਕ ਅਪਣਾ ਪੰਜਾਬ
ਅਜ ਬੇਲੇ ਲਾਸ਼ਾਂ ਵਿੱਛੀਆਂ ਤੇ ਲਹੂ ਦੀ ਭਰੀ ਚਨਾਬ।
ਕਿਸੇ ਨੇ ਪੰਜਾਂ ਪਾਣੀਆਂ, ਵਿਚ ਦਿਤੀ ਜ਼ਹਿਰ ਰਲਾ!
ਤੇ ਉਨ੍ਹਾਂ ਪਾਣੀਆਂ ਧਰਤ ਨੂੰ ਦਿਤਾ ਪਾਣੀ ਲਾ।
ਇਸ ਜ਼ਰਖੇਜ਼ ਜ਼ਮੀਨ ਦੇ ਲੂੰ ਲੂੰ ਫੁਟਿਆ ਜ਼ਹਿਰ।
ਗਿਠ ਗਿਠ ਚੜ੍ਹੀਆਂ ਲਾਲੀਆਂ ਫੁੱਟ ਫੁੱਟ ਚੜ੍ਹਿਆ ਕਹਿਰ।
ਵਿਹੁ ਵਿਲੱਸੀ ਵਾ ਫਿਰ ਵਣ ਵਣ ਵੱਗੀ ਜਾ।
ਓਨੇ ਹਰ ਇਕ ਵਾਂਸ ਦੀ ਵੰਝਲੀ ਦਿਤੀ ਨਾਗ ਬਣਾ।"

ਇਸ ਕਵਿਤ੍ਰੀ ਨੇ ਸਾਡੀ ਬਿਨੈ ਮੰਨ ਕੇ ਹੇਠ ਲਿਖੀਆਂ ਕਵਿਤਾਵਾਂ ਪੰਜਾਬੀ ਦਰਬਾਰ ਵਿਚ ਪੜ੍ਹਨ ਲਈ ਭੇਜੀਆਂ ਹਨ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਮੇਰੀ ਮਾਨੁੱਖਤਾ

ਮੇਰੀ ਮਾਨੁੱਖਤਾ !
ਮੇਰੇ ਮਹਿਬੂਬ !
ਤੇਰਾ ਮਨੁੱਖ——————ਫੇਰ ਅੱਜ ਮੈਂ ਗੁਨਾਹਗਾਰ ਹਾਂ !

....

ਧਰਤੀ ਦੇ ਸਾਹਮਣੇ ਮੈਂ ਕੌਲ ਤੋੜੇ ਨੇ
ਅੰਬਰਾਂ ਦੇ ਸਾਹਮਣੇ ਇਕਰਾਰ ਭੰਨੇ ਨੇ
ਹਮਸਾਇਆਂ ਨੂੰ ਵੱਢਿਐ, ਗਵਾਂਢੀਆਂ ਨੂੰ ਟੁੱਕਿਐ
ਮੈਂ ਲੂਹਿਐ, ਮੈਂ ਲੁੱਟਿਐ, ਮੈਂ ਕੋਹਿਐ, ਮੈਂ ਕੱਪਿਐ
ਫੇਰ ਅੱਜ ਮੈਂ ਇਕ ਹਾਰ ਹਾਂ ।
ਤੇਰਾ ਮਨੁੱਖ——————ਫੇਰ ਅੱਜ ਮੈਂ ਗੁਨਾਹਗਾਰ ਹਾਂ !

....

ਤੇਰੀਆਂ ਨਾੜਾਂ ਦੇ ਵਿਚੋਂ ਖ਼ੂਨ ਜੋ ਸਿੰਮਦਾ ਰਿਹੈ
ਧਰਤੀ ਗਵਾਹ ਹੈ ਓਸਦੀ ਅਜੇ ਉਹ ਸੁਕਾ ਨਹੀਂ
ਤੇਰਿਆਂ ਹੋਠਾਂ ਦੇ ਵਿਚੋਂ ਚੀਕ ਜੋ ਉਠਦੀ ਰਹੀ
ਅਜੇ ਤਕ ਆਕਾਸ਼ ਦੇ ਕੰਨਾਂ 'ਚ ਭੌਂ ਰਹੀ
ਜਵਾਬ ਦਾ ਮੈਂ ਦੇਣਦਾਰ ਹਾਂ
ਤੇਰਾ ਮਨੁੱਖ——————ਫੇਰ ਅੱਜ ਮੈਂ ਗੁਨਾਹਗਾਰ ਹਾਂ !

....

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਫੇਰ ਇਕ ਵਹਿਸ਼ਤ ਦਾ ਦੌਰ ਪੀਤਾ ਸੀ ਮੈਂ
ਓਸ ਅੱਗ ਨਾਲ ਅਜੇ ਤਕ ਧਰਤੀ ਵੀ ਗਰਮ ਹੈ
ਟੁੱਟ ਏ, ਕੁੱਸੀ ਏ ਜੀਕਣ ਵਫ਼ਾ
ਤੇਰੇ ਮੇਰੇ ਇਸ਼ਕ ਦੀ ਕਹਾਣੀ ਨੂੰ ਸ਼ਰਮ ਹੈ !
ਫੇਰ ਅੱਜ ਮੈਂ ਸ਼ਰਮਸਾਰ ਹਾਂ
ਤੇਰਾ ਮਨੁਖ——————ਫੇਰ ਅੱਜ ਮੈਂ ਗੁਨਾਹਗਾਰ ਹਾਂ !

....

ਦੇਖ ਮੇਰੇ ਮੂੰਹ ਤੇ ਉਸ ਜਲਨ ਦੇ ਨਿਸ਼ਾਨ
ਖ਼ੂਨ ਦੀ ਤਲਖ਼ੀ ਦੇ ਪਿਛੋਂ ਜੋ ਜੰਮ ਜਾਂਦੇ ਨੇ
ਦੇਖ ਮੇਰੀ ਆਤਮਾ ਤੇ ਜ਼ੁਲਮ ਦੇ ਉਹ ਦਾਗ
ਜੋ ਕਿਸੇ ਵੀ ਇਕ ਕਰਮ ਦੇ ਪ੍ਰਤਿ–ਕਰਮ ਹੁੰਦੇ ਨੇ
ਫੇਰ ਅੱਜ ਮੈਂ ਇਕ ਪੁਕਾਰ ਹਾਂ !
ਤੇਰਾ ਮਨੁੱਖ——————ਫੇਰ ਅੱਜ ਮੈਂ ਗੁਨਾਹਗਾਰ ਹਾਂ !

....

ਫੇਰ ਤੇਰੇ ਪਿਆਰ ਦਾ ਸਵਾਲੀ ਹਾਂ ਮੈਂ
ਫੇਰ ਤੇਰੇ ਬੂਹੇ ਨੂੰ ਟਟੋਲਦਾ ਹਾਂ ਮੈਂ
ਸੂਰਜਾਂ ਦੀ ਕੁੱਖ ਅਜੇ ਬਾਂਝ ਨਹੀਂ ਹੋਈ
ਤੇਰਾ ਹੋ ਕੇ ਤੇਰੇ ਵਿਚੋਂ ਬੋਲਦਾ ਹਾਂ ਮੈਂ
ਫੇਰ ਅੱਜ ਮੈਂ ਬੇਕਰਾਰ ਹਾਂ !
ਮੇਰੇ ਮਾਨੁੱਖਤਾ !
ਮੇਰੇ ਮਹਿਬੂਬ !
ਤੇਰਾ ਮਨੁੱਖ——————ਫੇਰ ਅੱਜ ਮੈਂ ਗੁਨਾਹਗਾਰ ਹਾਂ !

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਸਾਨੂੰ ਮਿਲੀ ਜਾਣਾ ਹੋ !

ਚੰਨਾਂ ਤਾਰਿਆਂ ਦੀ ਰਾਤ–ਸਾਨੂੰ ਮਿਲੀ ਜਾਣਾ ਹੋ !

ਸਾਂਝੀ ਧਰਤੀ ਦੇ ਗੀਤ
ਸਾਂਝੇ ਪਾਣੀਆਂ ਦੀ ਪ੍ਰੀਤ
ਹੀਰ ਰਾਂਝੇ ਦੀ ਸਹੁੰ–ਲਾਜ ਰੱਖਣੀ ਜੇ ਉਹ
ਸਾਨੂੰ ਮਿਲੀ ਜਾਣਾ ਹੋ !
ਵੇ ਕੀ ਕਰਿੰਦੀਆਂ ਨੇ ਉਹ
ਰੁੱਤਾਂ ਫਿਰੀਆਂ ਨੇ ਜੋ
ਮੇਰੇ ਊਣੇ ਨੇ ਹਾੜ–ਮੇਰੇ ਸੱਖਣੇ ਨੇ ਪੋਹ
ਸਾਨੂੰ ਮਿਲੀ ਜਾਣਾ ਹੋ !
ਆਈ ਮਜ਼੍ਹਬਾਂ ਦੀ ਕਾਂਗ
ਕੱਚੇ ਘੜਿਆਂ ਦੇ ਵਾਂਗ
ਟੁਟਾ ਸੋਹਣੀ ਦਾ ਦੇਸ–ਅੱਖਾਂ ਪਈਆਂ ਨੇ ਰੋ
ਸਾਨੂੰ ਮਿਲੀ ਜਾਣਾ ਹੋ !
ਟੁੱਟਣ ਦੇਸਾਂ ਦੇ ਤਾਰ
ਟੁੱਟਣ ਕੌਮਾਂ ਦੇ ਹਾਰ
ਪਾਟੇ ਧਰਤੀ ਦੀ ਲੀਰ–ਉਡਣ ਕਣਕਾਂ ਦੇ ਤੋਹ
ਸਾਨੂੰ ਮਿਲੀ ਜਾਣਾ ਹੋ !
ਪਰ ਮਨੁੱਖ ਨੂੰ ਇਕ ਵਾਰ
ਇਸ ਮਨੁੱਖਤਾ ਦੇ ਨਾਲ
ਇਸ਼ਕ ਲੱਗਾ ਸੀ ਜੋ–ਕੀਕਣ ਟੁਟੇਗਾ ਉਹ?
ਸਾਨੂੰ ਮਿਲੀ ਜਾਣਾ ਹੋ !

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਅਵਤਾਰ ਸਿੰਘ ਆਜ਼ਾਦ

ਅਵਤਾਰ ਸਿੰਘ ਆਜ਼ਾਦ ਇਕ ਆਸ਼ਾਵਾਦੀ ਕਵੀ ਹੈ, ਜਿਸ ਦੇ ਜੀਵਨ ਵਿਚ ਕਈ ਨਿਰਾਸ ਘੜੀਆਂ ਆਈਆਂ, ਪ੍ਰੰਤੂ ਬਜਾਏ ਇਸਦੇ ਕਿ ਇਹ ਨਿਰਾਸਤਾ ਦੇ ਹਨੇਰੇ ਵਿਚ ਗੜੂੰਦ ਹੋ ਜਾਂਦਾ ਇਹ ਉਸ ਛੋਟੇ ਜਹੇ ਆਸ਼ਾ-ਭਰਪੂਰ ਤਾਰੇ ਦੀ ਨਿੰਮ੍ਹੀ ਨਿੰਮ੍ਹੀ ਰੋਸ਼ਨੀ ਵਿਚ ਆਪਣਾ ਰਸਤਾ ਢੂੰਡ ਲੈਂਦਾ ਰਿਹਾ ਜੋ ਇਸ ਨੂੰ ਦੂਰ ਕਿਧਰੇ ਅਕਾਸ਼ ਦੀ ਇਕ ਗੁੱਠੇ ਟਿਮਟਿਮਾਂਦਾ ਨਜ਼ਰ ਆਉਂਦਾ ਸੀ। ਆਸ਼ਾ-ਭਰਪੂਰ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਭਵਿੱਖਤ ਹੀ ਇਸ ਦੇ ਰਸਤੇ ਨੂੰ ਰੁਸ਼ਨਾਂਦਾ ਰਿਹਾ ਹੈ ਤੇ ਉਤਸ਼ਾਹ ਭਰਪੂਰ 'ਸੋਨ-ਪ੍ਰਭਾਤ' ਦੀ ਆਸ ਵਿਚ ਇਹ ਕਵੀ ਰਾਤ ਦੇ ਹਨੇਰੇ ਫੈਸਲੇ ਤੇ ਜੇਰੇ ਨਾਲ ਟਪਦਾ ਆਇਆ ਹੈ। ਜਿਵੇਂ :

"ਸੁਣਾ ਸਾਫ਼ ਕਨਸੋ,
ਅੰਧੇਰੇ ਦਾ ਸੀਨਾ ਚੀਰੀ
ਆਉਂਦੀ ਦੌੜੀ ਲੋ।
ਉਹ ਲੋ ਜਿਸਦੇ ਚਾਨਣ ਵਿਚੋਂ
ਆਊ ਸਾਂਝ-ਮੁੜਤੇ।"

ਕੇਵਲ ਇਹ ਹੀ ਨਹੀਂ, ਸਗੋਂ ਇਹ ਕਵੀ ਦੂਜਿਆਂ ਲਈ ਵੀ ਉਤਸ਼ਾਹ ਦਾ ਕਾਰਨ ਬਣਿਆ ਹੈ। ਗਰੀਬਾਂ ਤੇ ਕੰਗਾਲਾਂ ਨੂੰ ਆਪਣੀ ਪ੍ਰਭਾਵ-ਸ਼ਾਲੀ ਕਵਿਤਾ ਨਾਲ ਧਰਵਾਸ ਦੇਂਦਾ ਹੈ :

"ਮੈਂ ਵੇਖਾਂ ਆ ਰਿਹਾ ਭੁਚਾਲ,
ਨਾ ਮਜ਼ਦੂਰੋ ਤੁਸੀ ਘਾਬਰੋ,
ਏਸ ਕੁਚਾਲ ਬਦਲ ਹੈ ਦੇਣੀ,
ਪਿਛਲੀ ਸਾਰੀ ਚਾਲ।"

ਇਸ ਕਵੀ ਦੀ ਆਸ਼ਾ ਦਾ ਖਿਲਾਰ ਕੇਵਲ ਇਸ ਧਰਤੀ ਉਤੇ ਹੀ ਨਹੀਂ ਸਗੋਂ ਅਸਮਾਨਾਂ ਤੋਂ ਵੀ ਕਿਤੇ ਪਰੇ ਪਰੇ ਹੈ। ਇਹ ਕਵੀ ਅਕਾਸ਼ਾਂ ਅਤੇ ਪਤਾਲਾਂ ਨੂੰ ਅਪਣੇ ਕਲਾਵੇ ਵਿਚ ਲੈਣ ਲਈ ਬਿਹਬਲ ਹੁੰਦਾ ਹੈ :

"ਮੈਂ ਆਕਾਸ਼ਾਂ ਦੇ ਮੰਡਲਾਂ ਤੋਂ ਉਹਾ ਫਿਰਾਂ,
ਮੈਂ ਪੁਰੀਆਂ, ਨਖਿਅਤਰਾਂ ਦੇ ਅੰਦਰ ਸੁਣਾਂ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਗੂੰਜ ਰਹੀਆਂ ਨੇ ਮੇਰੇ ਗੀਤ ਦੀਆਂ ਸੁਰਾਂ ।
ਮੈਂ ਉਡਦਾ ਜਾਵਾਂ, ਮੈਂ ਉਡਦਾ ਜਾਵਾਂ
ਜਿਥੇ ਚਾਹਾਂ ਬਹਾਂ, ਜਿੱਥੇ ਚਾਹਾਂ ਰਹਾਂ ।
ਮੈਂ ਅਤਾਂ ਦੀਆਂ ਹੱਦਾਂ ਕੁਲ ਤੋੜੀਆਂ,
ਹੁਣ ਅਨੰਤਾਂ ਦੇ ਦੇਸ ਗਾਵਾਂ, ਨੱਚਾਂ, ਖਿੜਾਂ ।

ਜਿਥੇ ਇਹ ਕਵੀ ਜਗਤ-ਪੀੜਾਂ ਦੇ ਬਿਆਨ ਨੂੰ ਆਪਣੀ ਕਵਿਤਾ ਦਾ ਖਾਸ ਮਜ਼ਮੂਨ ਬਣਾਉਂਦਾ ਹੈ, ਉਥੇ ਨਾਲ ਹੀ ਇਹ ਪਿਆਰ ਤੇ ਵਿਛੋੜੇ ਦੀਆਂ ਤਸਵੀਰਾਂ ਵੀ ਇਸ ਖ਼ੂਬਸੂਰਤੀ ਨਾਲ ਉਲੀਕਦਾ ਹੈ, ਕਿ ਸੁਰਤੀ ਉਸ ਦੀ ਉਡਾਰੀ ਦੇ ਨਾਲ ਨਾਲ ਆਪ-ਮੁਹਾਰੀ ਉਠ ਪੈਂਦੀ ਹੈ। ਵੰਨਗੀ ਲਈ ਵੇਖੋ:

"ਚਲ ਮੇਰੀ ਸਜਨੀ ਨਦੀ ਕਿਨਾਰੇ,
ਖੇਲਣ ਜਿੱਥੇ ਚੰਦ ਦੀਆਂ ਰਿਸ਼ਮਾਂ,
ਵੇਖਣ ਝੁਕ ਝੁਕ ਤਾਰੇ ।"

....

"ਪਾ ਪਿਪਲਾਂ ਤੇ ਪੀਂਘਾਂ ਗੋਰੀ
ਗਾ ਗਾ ਲਵੇ ਹੁਲਾਰੇ,
ਨਸ਼ਿਆਈਆਂ ਅੱਖੀਆਂ ਵਿਚ ਲੈ ਰਹੇ
ਹੂਟੇ ਸੁਪਨੇ ਪਿਆਰੇ ।"

ਇਹ ਕਵੀ ਇਸ ਵੇਲੇ ੪੩ ਸਾਲ ਦੀ ਉਮਰ ਦਾ ਹੈ। ਆਸ ਕਰਦੇ ਹਾਂ ਕਿ ਹਾਲਾਂ ਕਈ ਹੋਰ ਆਸ਼ਾ-ਭਰਪੂਰ ਕਵਿਤਾਵਾਂ ਦੇਵੇਗਾ।

ਇਸ ਕਵੀ ਨੇ ਸਾਡੀ ਬਿਨੈ ਮੰਨ ਕੇ ਹੇਠ ਲਿਖੀਆਂ ਕਵਿਤਾਵਾਂ ਪੰਜਾਬੀ ਦਰਬਾਰ ਵਿਚ ਪੜ੍ਹਣ ਲਈ ਭੇਜੀਆਂ ਹਨ :—

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਸੋਨ ਪ੍ਰਭਾਤ

ਤੁਰ ਗਿਆ ਏ ਤੁਰ ਗਿਆ ਏ ਤਾਰਿਆਂ ਦਾ ਕਾਫਲਾ,
ਲਿਸ਼ਕਿਆ ਏ, ਝਲਕਿਆ ਏ
ਤਾਰਾ ਔਹ ਉਸ਼ੇਰ ਦਾ;
ਮੁਕ ਚਲੀ ਮੁਕ ਚਲੀ ਸਹਿਮਾਂ-ਮਾਰੀ ਰਾਤ;
ਉਦੇ ਹੋਈ ਕਾਲਖਾਂ ਹਨੇਰਿਆਂ ਦੀ ਕੁਖ ਵਿਚੋਂ
ਭੈਣ ਮੇਰੀ ਵਾਰ ਮੋੜੋ, ਸੋਨ -ਪ੍ਰਭਾਤ ।
ਮੌਤ ਵਿਚੋਂ ਜ਼ਿੰਦਗੀ ਨੇ ਲਈ ਏ ਅੰਗੜਾਈ ਫਰ
ਦੁਖ ਵਿਚੋਂ ਸੁਖ-ਮਈ ਊਸ਼ਾ ਹਸ ਜਾਗ ਰਹੀ ਏ
ਧਰਤ ਨੂੰ ਆਕਾਸ਼ ਵਾਲੇ ਦੇਣ ਪਏ ਵਧਾਈ ਫੇਰ ।
ਖੜਕ ਪਈਆਂ ਗੈਂਤੀਆਂ ਵਦਾਨ ਹੈਨੇ ਵੱਜ ਰਹੇ
ਟੋਏ ਪੂਰੇ ਜਾ ਰਹੇ ਤੇ ਟਿੱਬੇ ਪਧਰਾਏ ਜਾ ਰਹੇ ਨੇ
ਖਾ ਖਾ ਪਕਵਾਨ ਭੁੱਖੇ ਜੁਗਾਂ ਦੇ ਨੇ ਰੱਜ ਰਹੇ ।
ਨਵੀਂ ਏ ਸਵੇਰ, ਇਹਦਾ ਰੰਗ ਰੂਪ ਸਾਰਾ ਨਵਾਂ;
ਨਜ਼ਰ ਜਿਧਰ ਜਾਵੇ ਪਈ ਵੇਖਦੀ ਨਜ਼ਾਰਾ ਨਵਾਂ ।
ਬਰਫਾਂ ਨੇ ਨਵੀਂ ਨਿਘ ਲੈ ਕੇ ਅਜ ਪਿਘਲੀਆਂ,
ਲਿਸ਼ਕ ਪਈਆਂ ਮਚਲਦੀਆਂ ਲਹਿਰਾਂ ਵਿਚੋਂ ਬਿਜਲੀਆਂ ।
ਭੁੱਖ ਦੇ ਚੁਬਾਰੇ ਵਿਚ ਚਿੱਬੀ ਹੋ ਅਮੀਰੀ ਗਈ,
ਆ ਗਈ ਆਜ਼ਾਦੀ, ਛਾਈਂ ਮਾਈਂ ਹੋ ਅਮੀਰੀ ਗਈ ।
ਕੰਡਿਆਂ ਦੇ ਪਾਸ ਫੁੱਟੇ ਫੁੱਲ ਨੇ ਗੁਲਾਬ ਦੇ,

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਵੇਖ ਸੋਹਣੇ ਵੀਰ ਰਤੀ, ਤਕ ਭੈਣੇ ਬੀਬੀਏ ਨੀ,
ਨਕਸ਼ ਪ੍ਰਤੱਖ ਹੋ ਗਏ ਮੇਰੇ ਮਿੱਠੇ ਖ਼੍ਵਾਬ ਦੇ।
ਇਹ ਹੈ ਸੱਚ ਖ਼ੂਨ ਏਥੇ ਡੁਲ੍ਹਿਆ ਹਜ਼ਾਰਾਂ ਦਾ,
ਇਹ ਵੀ ਨਹੀਂ ਝੂਠ ਵਹਿਸ਼ੀ-ਹੱਥਾਂ ਗਲਾ ਵੱਢਿਆ
ਨੂਰ ਨਾਲੋਂ ਸੁੱਚੇ, ਸੱਚ ਵਾਂਗ ਉੱਚੇ ਪਿਆਰਾਂ ਦਾ।
ਪਰ ਨ ਵਿਅਰਥ ਗਿਆ ਖ਼ੂਨ, ਓਹ ਵੇਖ ਲੈ
ਬਦਲ ਰਿਹਾ ਰੰਗ ਮੇਰੇ ਵਤਨ ਦੀਆਂ ਬਹਾਰਾਂ ਦਾ।
ਕਿਉਂ ਮੈਂ ਲਵਾਂ ਹਾਉਕੇ, ਕਿਉਂ ਮੈਂ ਪਾਵਾਂ ਰੋਣੇ ਕੀਰਨੇ,
ਕੀ ਇਹ ਸੱਚ ਨਹੀਂ ਕਿ ਆਜ਼ਾਦੀ ਦੇ ਗ਼ਰੂਰ ਵਿਚ
ਮਾਣ ਨਾਲ ਸੀਨੇ ਤਾਣ ਖੜੇ ਮੇਰੇ ਵੀਰ ਨੇ ?
ਰੋਸ਼ਨੀ ਦੇ ਹੜਾਂ ਵਿਚ ਡੁਬ ਗਈ ਸਿਆਹੀ ਏ,
ਹਸਰਤ ਦੀ ਰੜ੍ਹੀ ਸੁਨੇਹਾ ਲਿਆਈ ਵੱਦਲਾਂ ਦਾ
ਅੱਗ ਦੇ ਮੁਆਤਿਆਂ ਚੋਂ ਵਸੀਆਂ ਫੁਹਾਰਾਂ ਜਿਨ੍ਹਾਂ-
ਜੀਊਣ ਦਾਤਾ, ਨਿਮ੍ਹੀ, ਨਿਮ੍ਹੀ, ਮਿਠੀ ਠੰਢ ਪਾਈ ਏ।
ਦਾਣਾ ਸੜ ਸੁਕ ਕੇ ਹੀ ਉਗਿਆ ਜ਼ਮੀਨ ਚੋਂ,
ਨ੍ਹੇਰਿਆਂ ਦੀ ਕੁਖੋਂ ਜਨਮ ਲੈਂਦੀ ਜਿਵੇਂ ਰੋਸ਼ਨੀ ਏ
ਇੰਜੇ ਖ਼ੁਸ਼ੀ ਜਾਗ ਪੈਂਦੀ ਹਿਕ ਗਮਗੀਨ ਚੋਂ।
ਵੇਖ ! ਵਹਿਣਾ ਭੈਣ ਅਜ ਜ਼ੋਰਾਂ 'ਚ ਬਿਆਸ ਨੀ,
ਮੱਚੇ ਹੋਏ ਵਹਿਣ ਨੂੰ ਨ ਕੰਢਿਆਂ ਦੀ ਰੋਕ ਰੋਕੇ
ਠਹਿਰਨਾ ਨ ਆਵੇ ਕਦੇ ਜ਼ਿੰਦਗੀ ਨੂੰ ਰਾਸ ਨੀ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਵਗੇ ਹੋਏ ਪਾਣੀਆਂ ਨਾ ਪਿਛਾਂਹ ਮੁੜ ਆਵਣਾ,
ਕੀ ਏ ਅਫ਼ਸੋਸ ਲਹਿਰਾਂ ਮੋਢੇ ਪਾਰ ਵਹਿੰਦੀਆਂ ਤੇ
ਜਿਨ੍ਹਾਂ ਨਹੀਂ ਅਟਕਣਾਂ ਤੇ ਨਿਤ ਵਗੀ ਜਾਵਣਾ।
ਜ਼ਿੰਦਗੀ ਦਾ ਕਾਫ਼ਲਾ ਅਰਾਮ ਨਹੀਂ ਏ ਪਲ ਲੈਂਦਾ,
ਪਲਾਂ 'ਚ ਮੁਕਾਈ ਜਾਂਦਾ ਜੁਗਾਂ ਦਾ ਇਹ ਫ਼ਾਸਲਾ।
ਦੌੜੀ ਚਲ ਵੇਖ ਤੂੰ ਅਗਾਂਹ ਨਵੇਂ ਦੇਸਾਂ ਵੱਲੇ
ਬੀਤੇ ਨੂੰ ਨ ਪਿੱਟ ਤੇ ਭਵਿੱਖ ਉਤੇ ਆਸ ਲਾ।
ਤੁਰ ਗਿਆ ਤੁਰ ਗਿਆ ਏ ਤਾਰਿਆਂ ਦਾ ਕਾਫ਼ਲਾ;
ਲਿਸ਼ਕਿਆ ਏ ਝਲਕਿਆ ਏ ਤਾਰਾ ਔਹ ਉਸ਼ਰ ਦਾ,
ਮੁੱਕ ਚੱਲੀ ਮੁੱਕ ਚੱਲੀ ਸਹਿਮਾਂ-ਮਾਰੀ ਰਾਤ,
ਉੱਦੇ ਹੋਈ ਕਾਲਖਾਂ ਹਨੇਰਿਆਂ ਦੀ ਕੁੱਖ ਵਿਚੋਂ
ਭੈਣ ਮੇਰੀ, ਵੀਰ ਮੇਰੇ. ਸੋਨ-ਪ੍ਰਭਾਤ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਮੈਂ

ਲੰਘ ਗਏ ਤੂਫਾਨਾਂ ਦੀ ਤੇਜ਼ੀ ਦਾ ਮੈਂ ਕਿਉਂ ਅਨੁਮਾਨ ਕਰਾਂ?
ਹੁਸਨ ਪੁਰਾਣੇ ਦੇ ਸੁਣ ਚਰਚੇ, ਕਿਉਂ ਦਿਲ ਨੂੰ ਪਰੇਸ਼ਾਨ ਕਰਾਂ?
ਅਪਣੀ ਸੂਝ ਦੇ ਬੁੱਜੇ ਪਨ ਦਾ, ਕਿਉਂ ਆਪੀਂ ਐਲਾਨ ਕਰਾਂ?
ਕਿਸੇ ਪੁਰਾਣੀ ਰਾਹ ਤੇ ਤੁਰਨਾ ਅਕਲ ਦਾ ਹੈ ਦੀਵਾਲੀਆ-ਪਨ,
ਕਿਉਂ ਨ ਰਸਤਾ ਆਪ ਢੂੰਡ ਕੇ ਮੰਨਜ਼ਲ ਨੂੰ ਆਸਾਨ ਕਰਾਂ?
ਜ਼ੋਰੀਂ ਵਗਦੇ ਵਹਿਣ ਵਾਂਗਰਾਂ ਜਵਾਨ ਹੈ ਮੇਰਾ ਜੋਸ਼ ਅਜੇ,
ਕਿਓਂ ਨ ਛੋਹ ਅਪਣੀ ਲਾ ਮੈਂ ਮੋਇਆਂ ਨੂੰ ਜੀਅ-ਦਾਨ ਕਰਾਂ?
ਮੇਰੇ ਸਾਜ਼ ਨਵੇਂ ਚੋ ਅੰਦਰੋਂ ਜਾਗ ਰਿਹਾ ਸੰਗੀਤ-ਨਵਾਂ ;
ਨਿਤ ਪ੍ਰਭਾਤ ਦਾ ਕਰਾਂ ਸ੍ਵਾਗਤ ਤਾਂਹੀਂ ਏਂ ਗਾ ਕੇ ਗੀਤ ਨਵਾਂ,
ਮੈਂ ਉਸ ਮਾਨੁਖਤਾ ਦਾ ਆਸ਼ਕ ਜੋ ਵੰਡੇ ਨਵੇਂ ਪਿਆਰ ਸਦਾ,
ਮੈਂ ਦੀਵਾਨਾ ਉਸ ਪਿਆਰ ਦਾ ਜੋ ਰਹਿੰਦਾ ਇਕ-ਸਾਰ ਸਦਾ,
ਮੇਰੀ ਨਜ਼ਰ ਵੇਖਦੀ ਹੈ ਪਈ ਢਲ ਰਹੇ ਨਵੇਂ ਸਿਤਾਰਿਆਂ ਨੂੰ,
ਧਰਤੀਆਂ ਤ ਆਕਾਸ਼ਾਂ ਉਤ ਹੋ ਰਹੀ ਮਾਰੋ ਮਾਰ ਸਦਾ।
ਸੁਤੇ ਹੁਸਨ ਜ਼ਿਮੀਂ ਦੇ ਅੰਦਰ ਕਾਹਲੇ ਪਏ ਨੇ ਜਾਗਣ ਲਈ
ਨਵ-ਹੁਸਨਾਂ ਦੀ ਖੋਲ੍ਹ, ਪਟਾਰੀ ਦੱਸੇ ਸਖੀ ਬਹਾਰ ਸਦਾ।
ਮੈਂ ਨਾ ਡਰਾਂ ਹਨੇਰੇ ਪਾਸੋਂ ਨ ਘਬਰਾਂ ਤੂਫਾਨਾਂ ਤੋਂ,
ਝਾਕ ਰਹੀ ਜਦ ਨਵੀਂ ਉਸ਼ਾ ਹੈ, ਨੀਲ-ਵੰਨੇ ਅਸਿਮਾਨਾਂ ਤੋਂ।
ਪਾਪ ਪੁੰਨ ਤੋਂ ਉੱਚਾ ਹੋ ਕੇ ਆਪ ਦਾ ਆਨੰਦ ਲਵਾਂ;
ਨਵੇਂ ਨਕੋਰ ਹੁਸਨ ਨੂੰ ਪੂਜਾਂ, ਸਾਥ ਹਾਂ ਲਭਦਾ ਨਿਤ ਨਵਾਂ,

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਹੂਣ ਕੀ ਹੋਵੇ ਫਿਰ ਕੀ ਹੋਊ ਲੋੜ ਨ ਮੈਨੂੰ ਸੋਚਣ ਦੀ।
ਲਹਿਰਾਂ ਨੂੰ ਗਲ ਲਾ ਕੇ ਵਗਦੀ ਨਿਰਮਲ ਨੈਂ ਦੇ ਵਾਂਗ ਵਹਾਂ।
ਮੈਨੂੰ ਕੋਈ ਫ਼ਰਿਸ਼ਤਾ ਆਖੇ ਲਾਲਚ ਕਦੇ ਨ ਆਉਂਦਾ ਹੈ,
ਅਪਣੀ ਮਾਨਵਤਾ ਦੀ ਮਸਤੀ ਅੰਦਰ ਹੀ ਮੈਂ ਮਸਤ ਰਹਾਂ।
ਸੁਰਗ ਸੁਖਾਂ ਤੇ ਜੇ ਨ ਰੀਝਾਂ, ਡਰਾਂ ਨ ਮਾਸਾ ਨਰਕਾਂ ਤੋਂ,
ਝੂਠੇ ਸੱਚੇ ਕਿੱਸੇ ਸੁਣਕੇ ਕਿਉਂ ਮੈਂ ਫ਼ਿਕਰਾਂ ਵਿਚ ਪਵਾਂ।
ਜੰਮਣ ਮਰਨ ਪੜਾ ਜੀਵਨ ਦੇ ਕਈ ਲਘੇ ਕਈ ਲੰਘਾਂ ਗਾ,
ਤੁਰਨੋਂ ਡਰ ਕੇ ਮੁਕਤੀ ਦੀ ਮੈਂ ਭੀਖ ਕਦੇ ਨ ਮੰਗਾਂ ਗਾ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri



ਹਰਿੰਦਰ ਸਿੰਘ ਰੂਪ

ਪੰਜਾਬੀ ਦੇ ਸੋਚਵਾਨ ਕਵੀਆਂ ਵਿਚੋਂ ਹਰਿੰਦਰ ਸਿੰਘ ਰੂਪ ਹੈ। ਇਸ ਦੀਆਂ ਮਸ਼ਹੂਰ ਕਾਵ੍ਯ-ਰਚਨਾਂ ਇਹ ਹਨ— 'ਡੂੰਘੇ ਵਹਿਣ', 'ਨਵੇਂ ਪੰਧ', 'ਪੰਜਾਬ ਦੀਆਂ ਵਾਰਾਂ', 'ਸ਼ਾਨਾਂ ਮੇਰੇ ਪੰਜਾਬ ਦੀਆਂ'। ਇਹ ਕਵੀ ਮਹਾਂ ਗਿਆਨੀ ਭਾਈ ਸੰਤ ਸਿੰਘ ਜੀ ਦੇ ਇਤਿਹਾਸਕ ਘਰਾਣੇ ਦਾ ਨੌਨਿਹਾਲ ਹੈ। ਪੁਰਾਤਨ ਗੱਲਾਂ ਦੀ ਖੋਜ ਅਤੇ ਹੁਨਰ ਦਾ ਪਿਆਰ ਇਸ ਕਵੀ ਨੂੰ ਵਿਰਸੇ ਵਿਚ ਮਿਲਿਆ ਹੈ। ਇਸ ਦੀ ਕਵਿਤਾ ਵਿਚ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਇਹ ਦੋਵੇਂ ਅੰਸ਼ ਮਿਲਦੇ ਹਨ, ਜੋ ਗੂੜ੍ਹ ਹੋਣ ਕਰਕੇ ਆਮ ਲੋਕਾਂ ਦੀ ਰੁਚੀ ਤੋਂ ਜ਼ਰਾ ਪਰੇਰੇ ਭਾਸਦੇ ਹਨ।

ਇਸ ਕਵੀ ਦੀਆਂ ਕਵਿਤਾਵਾਂ ਵਿਚੋਂ 'ਵਾਰਾਂ' ਨੂੰ ਉਚੇਚੀ ਵਿਸ਼ੇਸ਼ਤਾ ਪ੍ਰਾਪਤ ਹੈ। ਇਸ ਨੇ ਵੀਹ ਕੁ ਵਾਰਾਂ ਨਵੇਂ ਢੰਗ ਵਿਚ ਲਿਖ ਕੇ 'ਵਾਰ' ਨੂੰ ਸਮਕਾਲੀ ਕਵਿਤਾ ਵਿਚ ਪ੍ਰਚਲਤ ਕੀਤਾ ਹੈ। ਇਨ੍ਹਾਂ ਵਾਰਾਂ ਵਿਚ ਬੀਰ-ਰਸ ਬਹੁਤ ਹੋਣ ਕਰਕੇ ਇਹ ਹਰ ਮਨ ਪਿਆਰੀਆਂ ਹੋਗਈਆਂ।

ਇਸ ਕਵੀ ਨੇ ਸਾਡੀ ਬਿਨੈ ਮੰਨ ਕੇ ਹੇਠ ਲਿਖੀਆਂ ਕਵਿਤਾਵਾਂ ਪੰਜਾਬੀ ਦਰਬਾਰ ਵਿਚ ਪੜ੍ਹਨ ਲਈ ਭੇਜੀਆਂ ਹਨ।

पुस्तकालय
गुरुकुल कांगड़ी

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਗ਼ਜ਼ਲ

ਮਨਸੂਰ ਵਾਂਗ ਸੂਲੀ ਚੜ੍ਹ ਕੇ ਜਿੰਦ ਹੱਕ ਤੇ ਲਾਂਦਾ ਕੋਈ ਕੋਈ।
ਅਪਨੇ ਦਿਲ ਵਿਚੋਂ ਦੂਈ ਦੇ ਪਰਦੇ ਨੂੰ ਉਠਾਂਦਾ ਕੋਈ ਕੋਈ।
ਜ਼ਾਹਦ ਦਾ ਜਾਦੂ ਚਲਿਆ ਹੈ ਸਾਰੇ ਉਲਟੇ ਰਾਹ ਪੈ ਗਏ ਨੇ।
ਮੰਦਰ ਮਸਜਿਦ ਮੈਖ਼ਾਨੇ ਹਨ, ਪਰ ਪੀਂਦਾ ਪਿਆਉਂਦਾ ਕੋਈ ਕੋਈ।
ਲੰਮੀਆਂ ਵਾਟਾਂ ਤੇ ਪੈ ਪੈ ਕੇ ਅਧਵਾਟੇ ਹੀ ਦਮ ਛੱਡ ਗਏ।
ਸੋਹਣੀ ਦੇ ਵਾਂਗ ਨਿਡਰ ਹੋ,ਕੇ ਮੰਜ਼ਿਲ ਤੇ ਜਾਂਦਾ ਕੋਈ ਕੋਈ।
ਆਹ ਮਾਲਾ ਨੂੰ ਖੜਕਾਂਦਾ ਹੈ ਔਹ ਤਸਬੀਹ ਫੇਰੀ ਜਾਂਦਾ ਹੈ।
ਦੋਵੇਂ ਹਥ-ਫੇਰੀ ਕਰਦੇ ਨੇ, ਪਰ ਦਿਲ ਨੂੰ ਫਿਰਾਉਂਦਾ ਕੋਈ ਕੋਈ।
ਇਸ ਖੁੱਲ੍ਹੀ ਚਿਤਰ-ਸ਼ਾਲਾ ਵਿਚ ਵਾਧੂ ਦੀ ਗਹਿਮਾ ਗਹਿਮੀ ਹੈ।
ਬੁਧ ਵਾਕਰ ਦਰਦੀ ਰੰਗ ਵਾਲਾ ਚਿਤਰ ਲਟਕਾਂਦਾ ਕੋਈ ਕੋਈ।
ਟੀਚਾ ਤੇ ਭਾਵ ਨਹੀਂ ਜਾਤਾ, ਭਾਵੇਂ ਮੰਤਰ ਪਏ ਰੱਟਦੇ ਹਾਂ।
ਫੋਕਟ ਕਰਮਾਂ ਵਿਚ ਰੁਝੇ ਹਾਂ ਦਿਲ ਨੂੰ ਸਮਝਾਉਂਦਾ ਕੋਈ ਕੋਈ।
ਆਹ ਉਮਰ-ਖਿਆਮੀ ਮਨ ਲਗੀ ਔਹ ਹਾਫ਼ਜ਼ ਦੀ ਮੂੰਹ ਲਗਦੀ ਨਹੀਂ।
ਦੋਹਾਂ ਨੂੰ ਇਕ ਪਿਆਲੇ ਵਿਚ ਪਾਂਦਾ ਤੇ ਚੜ੍ਹਾਂਦਾ ਕੋਈ ਕੋਈ।
ਭੁਲਾਂ ਤੇ ਫੇਰੇ ਜੀਭ ਪਿਆ ਕਿ ਦਿਲ ਦੀ ਭਟਕੀ ਬੁਝ ਗਈ ਏ।
ਸ਼ੇਖਾ ਸ਼ੇਖੀ ਕਿਉਂ ਮਾਰ ਰਿਹੋਂ ਅੰਦਰੋਂ ਰਸ ਪਾਂਦਾ ਕੋਈ ਕੋਈ।
ਮੀਰਾਂ ਨੇ ਜਿਸ ਦਮ ਪੀ ਲੀਤੀ,ਥਈਆ ਥਈਆ ਕਰ ਨਚ ਉੱਠੀ।
ਬ੍ਰਿਹੋਂ ਦੀ ਲੈ ਦੇ ਵਿਚ ਰਹਿ ਕੇ ਗਿਰਧਰ ਨੂੰ ਰੀਝਾਉਂਦਾ ਕੋਈ ਕੋਈ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਦੇਸ ਦਾ ਗੀਤ

ਕਮਲੋਂ ਸੋਹਣਾ ਮਾਖਿਓਂ ਮਿਠਾ, ਮੇਰਾ ਦੇਸ ਪਿਆਰਾ।
ਚੰਨ ਸੂਰਜ ਵੀ ਇਹਨੂੰ ਆਖਣ, ਸਾਡੀ ਅੱਖ ਦਾ ਤਾਰਾ।
ਫਲਸਫੇ ਦੇ ਗ੍ਰੰਥਾਂ ਨੂੰ ਤੱਕ ਦੁਨੀਆਂ ਹੈ ਚੁੰਧਿਆਈ।
ਯੂਰਪ ਇਹਨੂੰ ਮੰਨ ਰਿਹਾ ਹੈ, ਉਚਾ ਇਲਮ-ਮੁਨਾਰਾ।
ਇਹਦੀ ਚਿਤਰਕਾਰੀ ਜਗ ਨੂੰ, ਆਤਮਗਿਆਨ ਸੁਝਾਉਂਦੀ।
ਤੇ ਸੰਗੀਤ ਕਲਾ ਚੋਂ ਨਿਕਲੀ, ਬ੍ਰਹਮ ਵਿਦਿਆ ਦੀ ਧਾਰਾ।
ਇਹਦਿਆਂ ਨਾਚਾਂ ਨੇ ਰੰਗ ਲਾਇਆ, ਉਤਲਾ ਗਿਆਨ ਜਗਾਇਆ।
ਏਸ ਗਿਆਨ ਦੀ ਮੀਰਾਂ ਰੂਹ ਸੀ, ਮੋਹਿਆ ਆਲਮ ਸਾਰਾ।
ਇਹਦੀ ਕਵਿਤਾ ਜਗ ਨੂੰ ਭਾਉਂਦੀ, ਇਹਦੇ ਨਾਟਕ ਖਿਚਦੇ।
ਫਰਸ਼ਾਂ ਤੋਂ ਅਰਸ਼ਾਂ ਤੇ ਖੜਦੇ, ਦੇਂਦੇ ਅਜਬ ਹੁਲਾਰਾ।
ਨਾਨਕ ਗੁਰੂ, ਕਬੀਰ ਸਾਹਿਬ ਕੀ, ਹੁਲ ਸਕਦੇ ਨੇ ਮੰਨ ਤੋਂ।
ਇਹਦਾ ਤੇ ਸਾਨੂੰ ਭੁਲਨਾ ਨਹੀਂ, ਮੁਗਲ ਸ਼ਾਹਜ਼ਾਦਾ ਦਾਰਾ।
ਇਦਾ ਅੰਗ ਅੰਗ ਨਾ ਹੋਵੇ, ਤੇਗ ਬਹਾਦਰ ਜੀ ਨੇ
ਗਰਦਨ ਤੇ ਤਲਵਾਰ ਫਿਰਾਈ, ਮੱਤੀਦਾਸ ਸਿਰ ਆਰਾ।
ਨਲੂਆ ਤੇ ਫੂਲਾ ਸਿੰਘ, ਜਿਸ ਦਿਨ ਪਹਿਰੇਦਾਰ ਬਣਾਏ
ਕੜੇ ਕਬਾਇਲੀ ਥਿਰਕ ਨਾ ਸਕੇ, ਧੜਕੇ ਜੀ ਜਿਉਂ ਪਾਰਾ।
ਜਦੋਂ ਏਸ ਨੇ ਰੋਰਕ ਜੀ ਨੂੰ, ਰੂਪ ਹਿਮਾਲੀ ਦਸਿਆ।
ਪਰਬਤਾਂ ਦਾ ਨਾਇਕ ਬਣਿਆ, ਚਿਤਰਕਾਰ ਨਿਆਰਾ।
ਇਹਦੇ ਵਿਚੀ ਇਹਦਾ ਜੰਨਤ, ਆਹ ਕਸ਼ਮੀਰ ਸੁਹਾਉਣਾ।
ਸਾਲਾ ਨਹੁੰ ਮਾਸ ਰਹੇ ਜੁੜਿਆ, ਤੋੜੇ ਨਾਂ ਹਤਿਆਰਾ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਕਿਦਾਰ ਨਾਥ ਤਿਵਾਰੀ

ਇਸ ਕਵੀ ਨੂੰ ਪੰਜਾਬੀ ਨਾਲ ਉਚੇਚਾ ਪਿਆਰ ਹੈ, ਜਿਵੇਂ ਕਿ ੇਠ ਲਿਖੀਆਂ ਸਤਰਾਂ ਤੋਂ ਜ਼ਾਹਰ ਹੁੰਦਾ ਹੈ। ਇਸ ਕਵੀ ਨੂੰ ਪੰਜਾਬੀ ਨਾਲ ਉਤਨਾ ਹੀ ਪਿਆਰ ਹੈ ਜਿਤਨਾ ਕਿ ਅਪਨੀ ਮਾਤਾ ਨਾਲ:

"ਸਾਡੀ ਮਾਂ ਪੰਜਾਬੀ ਬੋਲੀ।
ਸਿੱਧੀ ਸਾਦੀ ਆਲੀ ਭੋਲੀ।
ਮਿੱਠੀ ਜਿਉਂ ਦੁਧ ਮਿਸਰੀ ਘੋਲੀ।
ਸਾਨੂੰ ਚੰਗੀ ਮੰਦੀ ਚੰਗੀ।
ਮਾਂ ਨੂੰ ਮਾਂ ਕਹਿਣੋ ਨ ਸੰਗੀਂ।"

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਪੰਡਤ ਕਿਦਾਰ ਨਾਥ ਤਿਵਾਰੀ ਇਕ ਪਿਆਰ ਦੇ ਵਲਵਲੇ ਵਾਲਾ ਕਵੀ ਹੈ। ਇਸ ਦੇ ਪ੍ਰੇਮ ਦੀ ਖਾਸ ਵਿਸ਼ਸ਼ਤਾ ਇਹ ਹੈ ਕਿ ਇਹ ਕਵੀ ਪਿਆਰ ਦੀ ਪੂਰਨਤਾ ਵਿਚ ਵਿਸ਼ਵਾਸ ਰਖਦਾ ਹੈ। ਜਿਵੇਂ

"ਪ੍ਰੀਤਮ ਨਾਲ ਬੈਠ ਕੇ ਬਾਗੀਂ ਗੀਤ ਇਸ਼ਕ ਦੇ ਗਾਵਨ ਨੂੰ,
ਪ੍ਰੀਤਮ ਰੂਪ ਹੋਣ ਨੂੰ ਬਿਲਕੁਲ ਅਪਣਾ ਆਪ ਮਿਟਾਵਣ ਨੂੰ.
ਅਸਲੀ ਵਸਲ ਕਮਾਵਨ ਨੂੰ,
ਦਿਲ ਲੋਚੇ ਪ੍ਰੀਤਾਂ ਪਾਵਨਨੂੰ,
ਤੇ ਯਾਰੀ ਤੋੜ ਨਿਭਾਵਨ ਨੂੰ।"

ਇਸ ਕਵੀ ਨੂੰ ਕੁਦਰਤ ਨਾਲ ਬੜਾ ਪਿਆਰ ਹੈ। ਇਹ ਪਿਆਰ ਕੇਵਲ ਉਤਨਾ ਪਿਆਰ ਹੀ ਨਹੀਂ, ਸਗੋਂ ਕਵੀ ਅਪਣੀ ਤੇ ਕੁਦਰਤ ਦੀ ਹਿੱਕ ਵਿਚ ਇਕ ਸਾਂਝ ਜਿਹੀ ਮਹਿਸੂਸ ਕਰਦਾ ਹੈ ਤੇ ਇਸ ਲਈ ਜਦੋਂ ਉਹ ਕੁਦਰਤ ਦਾ ਕੋਈ ਸੋਹਣਾ ਨਜ਼ਾਰਾ ਵੇਖਦਾ ਹੈ ਤਾਂ ਉਸਦੇ ਆਪਣੇ ਡੂੰਘੇ ਭਾਵ ਜਾਗ ਉਠਦੇ ਹਨ:

"ਨਦੀ ਕਿਨਾਰੇ ਰੇਤੇ ਉਤੇ,
ਪਿਆ ਪਿਆ ਮੈਂ ਸੋਚਾਂ।
ਜਾਗਨ ਭਾਵ ਜੁਗਾਂ ਦੇ ਸੁਤੇ,
ਬੀਤ ਗਏ ਨੂੰ ਲੋਚਾਂ।
ਸਨ ਸਵੇਰਾ ਝਮਕੇ,
ਨਦੀ ਗਾਂਵਦੀ ਰੁਮਕੇ।"

ਇਸ ਕਵੀ ਨੇ ਸਾਡੀ ਬਿਨੈ ਮੰਨ ਕੇ ਹੇਠ ਲਿਖੀਆਂ ਕਵਿਤਾਵਾਂ ਪੰਜਾਬੀ ਦਰਬਾਰ ਵਿਚ ਪੜ੍ਹਣ ਲਈ ਭੇਜੀਆਂ ਹਨ:—

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਤੇਰੀ ਤੀਲੀ

ਤੇਰੀ ਤੀਲੀ ਚਿੱਟੀ ਪੀਲੀ
ਮਾਰੇ ਲੋ ਲਿਸ਼ਕਾਰਾ
ਚਿੱਟੇ ਚਾਨਣ ਅੰਬਰ ਚੋਂ ਜਿਉਂ
ਟਿਮਕੇ ਇੱਕ ਸਿਤਾਰਾ।
ਤੇ ਜਿਓਂ ਓਸ-ਕਣੀ ਰੰਗੀਲੀ
ਕੌਲ ਕਲੀ ਤੇ ਟਿੱਕੀ
ਹਵਾ ਪਿਆਜ਼ੀ ਕੱਚੀ-ਪੀਲੀ
ਚਮਕੇ ਨਿੱਕੀ ਨਿੱਕੀ।

ਅਧਖੁੱਲ੍ਹੀ ਤਿੱਖੀ ਸਿੱਪੀ ਤੇ
ਟਿਕਿਆ ਮੋਤੀ ਦਮਕੇ।
ਚਾਰ ਚੁਫੇਰ ਖਿਲੇਰੇ ਰਿਸ਼ਮਾਂ
ਤੀਲੀ ਝਮਕੇ-ਚਮਕੇ।
ਰੂਪ-ਸਲੋਨੇ ਸਾਗਰ ਅੰਦਰ
ਖਿੜਿਆ ਕਮਲ ਇਕਲਾ।
ਸੋਭਾ ਨਾਲ ਭਰਨ ਦੇ ਨੈਣਾਂ
ਪਾ ਨਾ ਮੂੰਹ ਤੇ ਪੱਲਾ।

ਗੇਂਦੇ ਦੇ ਪਤ ਵਰਗਾ ਪੱਲਾ
ਤੀਲੀ ਦਾ ਚਿਲਕਾਰਾ
ਜਿਵੇਂ ਹਵਾ-ਹਲਕੀ ਬਦਲੀ ਚੋਂ
ਝਿਲਮਿਲ ਕਰੇ ਸਿਤਾਰਾ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਪੱਲਾ ਲੀਤੇ ਕੀ ਹਟ ਜਾਸੀ
ਇਸ ਤੀਲੀ ਦਾ ਝਮਕਨ
ਮੱਕੜੀ ਦੇ ਜਾਲੇ ਵਿਚ ਪਕੜੇ
ਕੀ ਜੁਗਨੂ ਨਾ ਚਮਕਨ?

ਹਸਦੇ ਹਸਦੇ, ਨਾਸ ਫੁਲਾ ਕੇ
ਜਦੋਂ ਕਦੀ ਨਕ ਵੱਟੇਂ
ਤੇਰੀ ਤੀਲੀ ਸਾਡੇ ਦਿਲ ਤੋਂ
ਲਖ ਅਸੀਸਾਂ ਖੱਟੇ ।

ਨੈਣ ਚੁਰਾ ਕੇ ਤੇ ਮੁਸਕਾ ਕੇ
ਨੱਕ ਜਦੋਂ ਮਚਕੋੜੇਂ
ਸਾਡੇ ਦਿਲ ਦੇ ਅੰਬਰ ਵਿੱਚੋਂ
ਤੀਲੀ ਤਾਰੇ ਤੋੜੇ ।

ਅਤੇ ਜਦੋਂ ਵੀ ਰੁੱਸੀ ਰੁੱਸੀ
ਹੰਝੂ ਕੇਰਨ ਨੈਣਾਂ
ਨੱਕ ਮਰੋੜ ਹਟੋ ਵੀ ਆਖੇਂ
ਤੀਲੀ ਮਾਰੇ ਸੈਣਾ ।

ਏ ਅਗਲੱਗੀ ਨੋਕ ਨੁਕੀਲੀ
ਨਿੱਕੀ ਚਿੱਟੀ ਪੀਲੀ
ਪ੍ਰੇਮ–ਸੁਲਗਦੇ ਮੇਰੇ ਦਿਲ ਨੂ
ਤੀਲੀ ਲਾਵੇ ਤੀਲੀ ।

ਸੁਣ ਮੁਟਿਆਰੇ! ਟੂਣੇ-ਹਾਰੇ !
ਚਿਰ ਜੀਵੇ ਸੁਨਿਆਰਾ
ਜਿਸਨੇ ਇਸ ਤੀਲੀ ਤੇ ਜੜਿਆ
ਮੇਰ ਦਿਲ ਦਾ ਪਾਰਾ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਨਦੀ ਕਿਨਾਰੇ

ਨਦੀ ਕਿਨਾਰੇ, ਰੇਤੇ ਓਤੇ
ਪਿਆ ਪਿਆ ਮੈ ਸੋਚਾਂ।
ਜਾਗਣ ਭਾਵ ਜੁਗਾਂ ਦੇ ਸੁੱਤੇ
ਬੀਤ ਗਏ ਨੂੰ ਲੋਚਾਂ।
ਸੋਨ ਸਵੇਰੇ ਝਮਕੇ
ਨਦੀ ਗਾਂਵਦੀ ਰਮਕੇ।

ਮੇਰੇ ਹੱਥ ਨਿਠੱਲੇ ਖੇਲਨ
ਚਕ ਚਕ ਕੰਕਰ ਮਿੱਟੀ;
ਲਹਿਰਾਂ ਉਠੱਨ, ਤੇ ਬਹਿ ਜਾਵਨ
ਨੜੇ ਬਜਾਵਨ ਸੀਟੀ!
ਸਿਖਰ ਦੁਪਹਿਰਾਂ ਡਲ੍ਹਕੇ
ਨਦੀ ਮਾਰਦੀ ਛਲ੍ਹਕੇ।

ਰੇਤਾ ਮੇਰੇ ਹੱਥਾਂ ਵਿਚੋਂ
ਮਿਲੇ ਰੇਤ ਵਿਚ ਕਿਰ ਕਿਰ;
ਸੂਰਜ–ਕਿਰਨਾ ਰੁਖ–ਪੱਤਾਂ ਚੋਂ
ਖਿਲਨ ਨਦੀ ਤੇ ਤਿਰ ਤਿਰ!
ਮਿਲਦੇ ਨਦੀ ਸਮੁੰਦਰ
ਰੇਤਾ ਰੇਤੇ ਅੰਦਰ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਕਿੰਨੀ ਵਾਰੀ ਪਹਿਲਾਂ ਆਇਆ
ਕਿੰਨੀ ਵਾਰ ਗਿਆ ਮੈਂ
ਜੰਮਣ ਮਰਨ, ਮਰਣ ਮੁੜ ਜੰਮਣ
ਚੱਕਰ ਵਿਚ ਪਿਆ ਮੈ
ਸਾਗਰ-ਨਦੀ–ਸਾਗਰ !
ਆਵ ਗਵਨੀ ਚੱਕਰ !

ਕਿੱਥੋਂ, ਕਦੋਂ, ਭਲਾ ਕਿਉਂ ਆਇਆ?
ਕਦ ਏਥੋਂ ਤੁਰ ਜਾਸਾਂ?
ਕਦ ਜਾਗੂੰ? ਕਦ ਸੁਫਨਾ ਹੋਸੀ
ਜਗ ਦਾ ਖੇਲ ਤਮਾਸ਼ਾ
ਜੀਣਾ ਮਰਨਾ ਅਪਣਾ
ਜਾਗਦਿਆਂ ਦਾ ਸੁਪਨਾ !

ਰੇਤ ਉੱਤੋਂ ਪੈੜਾਂ ਮਿਟੀਆਂ
ਔਣ ਜਾਣ ਵਿਚ ਪਈਆਂ
ਪੂਰਬ ਕਰਮ, ਪਿਛਲੀਆਂ ਜੂਨਾਂ
ਬਿਲਕੁਲ ਵਿੱਸਰ ਗਈਆਂ
ਭੁਲ ਗਵਾਚੇ ਚੇਤੇ
ਜਿਉਂ ਰੇਤਾ ਵਿਚ ਰੇਤੇ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਸੰਸਕਾਰ ਪੂਰਬ ਜੂਨਾਂ ਦੇ
ਮਰ ਮੁਕ ਚੁਕੀਆਂ ਬਾਤਾਂ
ਜਾਗਨ ਏਸ ਜੂਨ ਸੁਫਨੇ ਵਿਚ
ਮੁੜ ਮੁੜ ਮਾਰਨ ਝਾਤਾਂ ।
ਕੱਲ ਜੋ ਬੀਜੀ, ਭਾਈ,
ਸੋ ਹੁਣ ਫਸਲ ਕਮਾਈ।

ਜੋ ਕੁਝ ਕਰੀਏ, ਅੱਗੇ ਆਵੇ
ਕਰਮ ਕਦੀ ਨਾ ਟਲਦਾ ।
ਦਿਸੇ ਨਾ, ਤਾਂ ਕੀ? ਬੀ ਧਰ ਪਾਇਆ
ਵਧਦਾ, ਫੁਲਦਾ, ਫਲਦਾ
ਸਾਮ ਪਈ ਦਿਨ ਢਲਿਆ
ਉਠ ਖਲੋਤਾ, ਚਲਿਆ ।

पुस्तकालय
गुरुकुल कांगड़ी

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

गुरुकुल कांगड़ी विश्वविद्यालय,
हरिद्वार

पुस्तक लौटाने की तिथि अन्त में अङ्कित है। इस तिथि को पुस्तक न लौटाने पर छै नये पैसे प्रति पुस्तक अतिरिक्त दिनों का अर्थदण्ड लगेगा।

13 MAR 1963		
-3 MAR 1964		

१०००१०.६.५६।

गुरुकुल कांगड़ी

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

पुस्तकालय
गुरुकुल कांगड़ी विश्वविद्यालय
विषय संख्या ८९५ / १
आगत पंजिका संख्या २५,८४५

तिथि	संख्या	तिथि	संख्या
12 MAR 1963			
-3 MAR 1964			
४२६/१			

पुस्तकालय, गुरुकुल कांगड़ी विश्वविद्यालय, हरिद्वार।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

CC-0. In Public Domain. Gurukul Kangri Collection, Haridwar